@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Punjabi National Daily

Qaumi Patrika NO.1

ਦਿਲ੍ਲੀ, ਹਿਮਾਚਲ, ਹਰਿਯਾਣਾ, ਪੰਜਾਬ, ਉਤ੍ਤਰ ਪ੍ਰਦੇਸ਼, ਉਤ੍ਤਰਾਖਣ੍ਡ ਸੇ ਪ੍ਰਸਾਰਿਤ।

Tuesday, 25 March 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 25 ਮਾਰਚ 2025, 11 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 133, qpatrika@gmail.com ਫੋਨ : 9971359517 www.qaumipatrika.org

ਕਾਮੇਡੀਅਨ ਦੀ ਸਪੋਰਟ 'ਚ ਆਏ ਊਧਵ ਠਾਕਰੇ

ਮੁੰਬਈ 24 ਮਾਰਚ। ਸ਼ਿਵ ਸੈਨਾ (ਉਬਾਠਾ) ਦੇ ਮੁਖੀ ਊਧਵ ਠਾਕਰੇ ਨੇ ਸੋਮਵਾਰ ਨੂੰ ਕਿਹਾ ਕਿ ਸਟੈਂਡ-ਅੱਪ ਕਾਮੇਡੀਅਨ ਕੁਨਾਲ ਕਾਮਰਾ ਨੇ ਕੁਝ ਵੀ ਗਲਤ ਨਹੀਂ ਕੀਤਾ ਹੈ। ਕਾਮਰਾ ਨੂੰ ਉਪ ਮੁੱਖ ਮੰਤਰੀ ਨੂੰ 'ਦੇਸ਼ਧ੍ਰੋਹੀ' ਕਹਿਣ 'ਤੇ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਠਾਕਰੇ ਨੇ ਵਿਧਾਨ ਭਵਨ ਵਿੱਚ ਪੱਤਰਕਾਰਾਂ ਨੂੰ ਕਿਹਾ, ÷ਕਾਮਰਾ ਨੇ ਸਿਰਫ਼ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਤੱਥ ਦੱਸੇ ਅਤੇ ਜਨਤਾ ਦੀ ਰਾਏ ਪ੍ਰਗਟ ਕੀਤੀ।÷ ਮੁੰਬਈ ਪੁਲਸ ਨੇ ਐਤਵਾਰ ਰਾਤ ਨੂੰ ਮੁੰਬਈ ਦੇ ਇੱਕ ਹੋਟਲ ਵਿੱਚ ਭੰਨਤੋੜ ਕਰਨ ਦੇ

ਦੋਸ਼ ਵਿੱਚ ਸ਼ਿਵ ਸੈਨਾ ਦੇ ਨੇਤਾ ਰਾਹੁਲ ਕਨਾਲ ਅਤੇ 11 ਹੋਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸੇ ਹੋਟਲ ਵਿੱਚ ਹੀ ਕਾਮਰਾ ਨੇ ਇੱਕ ਸ਼ੋਅ ਦੌਰਾਨ ਸ਼ਿੰਦੇ ਵਿਰੁੱਧ ਕਥਿਤ ਤੌਰ 'ਤੇ ਵਿਵਾਦਪੂਰਨ ਟਿੱਪਣੀਆਂ ਕੀਤੀਆਂ ਸਨ। ਠਾਕਰੇ ਨੇ ਕਿਹਾ, ÷ਕਾਮਰਾ ਨੇ ਕੁਝ ਵੀ ਗਲਤ ਨਹੀਂ ਕੀਤਾ ਹੈ... ਇਨ੍ਹਾਂ ਗੱਦਾਰਾਂ ਨੂੰਸੋਲਾਪੁਰਕਰ ਅਤੇ ਕੋਰਟਕਰ ਦਿਖਾਈ ਨਹੀਂ ਦਿੰਦੇ, ਜਿਨ੍ਹਾਂ ਨੇ ਛਤਰਪਤੀ ਸ਼ਿਵਾਜੀ ਮਹਾਰਾਜ ਦਾ ਅਪਮਾਨ ਕੀਤਾ।÷ ਉਹ ਛਤਰਪਤੀ ਸੰਭਾਜੀ ਮਹਾਰਾਜ ਅਤੇ ਛਤਰਪਤੀ ਸ਼ਿਵਾਜੀ ਮਹਾਰਾਜ ਵਿਰੁੱਧ ਕਥਿਤ ਤੌਰ 'ਤੇ ਇਤਰਾਜ਼ਯੋਗ ਟਿੱਪਣੀਆਂ ਕਰਨ ਲਈ ਨਾਗਪੁਰ ਦੇ ਪੱਤਰਕਾਰ ਪ੍ਰਸ਼ਾਂਤ ਕੋਰਟਕਰ ਅਤੇ ਅਦਾਕਾਰ ਰਾਹੁਲ ਸੋਲਾਪੁਰਕਰ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਰਾਜ ਵਿੱਚ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦਾ ਜ਼ਿਕਰ ਕਰ ਰਹੇ ਸਨ। ਠਾਕਰੇ ਨੇ ਇਹ ਵੀ ਮੰਗ ਕੀਤੀ ਕਿ ਸਰਕਾਰ ਕਾਮਰਾ ਦੇ ਸ਼ੋਅ ਵਾਲੀ ਥਾਂ 'ਤੇ ਸ਼ਿੰਦੇ ਦੀ ਅਗਵਾਈ ਵਾਲੀ ਪਾਰਟੀ ਦੇ ਵਰਕਰਾਂ ਵੱਲੋਂ ਕੀਤੀ ਗਈ ਭੰਨਤੋੜ ਕਾਰਨ ਹੋਏ ਨੁਕਸਾਨ ਦੀ ਭਰਪਾਈ ਕਰੇ।

ਪਿਛਲੀ ਸਰਕਾਰ ਦੇ ਕੰਮਾਂ ਬਾਰੇ ਸਰਕਾਰ ਲਿਆਵੇਗੀ ਵਾਈਟ ਪੇਪਰ: ਰੇਖਾ ਗੁਪਤਾ

ਨਵੀਂ ਦਿੱਲੀ 24 ਮਾਰਚ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਸੋਮਵਾਰ ਨੂੰ ਵਿਧਾਨ ਸਭਾ 'ਚ ਕਿਹਾ ਕਿ ਉਨ੍ਹਾਂ ਦੀ ਸਰਕਾਰ ਪਿਛਲੀ ਸਰਕਾਰ ਦੇ ਕੰਮਕਾਜ 'ਤੇ ਵਾਈਟ ਪੇਪਰ ਲਿਆਵੇਗੀ। ਦਿੱਲੀ ਵਿਧਾਨ ਸਭਾ ਦਾ ਬਜਟ ਸੈਸ਼ਨ ਅੱਜ ਸ਼ੁਰੂ ਹੋ ਗਿਆ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) 27 ਸਾਲਾਂ ਬਾਅਦ ਦਿੱਲੀ 'ਚ ਸੱਤਾ 'ਚ ਆਈ ਹੈ। ਵਿੱਤ ਮੰਤਰੀ ਰੇਖਾ ਗੁਪਤਾ ਮੰਗਲਵਾਰ ਨੂੰ ਸਦਨ 'ਚ ਬਜਟ ਪੇਸ਼ ਕਰੇਗੀ। ਮੁੱਖ

ਮੰਤਰੀ ਗੁਪਤਾ ਵਿੱਤ ਮੰਤਰਾਲਾ ਵੀ ਸੰਭਾਲ ਰਹੇ ਹਨ। ਇਸ ਤੋਂ ਪਹਿਲਾਂ ਲਕਸ਼ਮੀ ਨਗਰ ਤੋਂ ਭਾਜਪਾ ਵਿਧਾਇਕ ਅਭੈ ਵਰਮਾ ਨੇ ਸਦਨ ਵਿਚ ਆਰਥਿਕ ਸਰਵੇਖਣ ਪੇਸ਼ ਨਾ ਕੀਤੇ ਜਾਣ ਸਬੰਧੀ ਕਿਹਾ ਕਿ ਸੰਸਦੀ ਪਰੰਪਰਾ ਵਿਚ ਆਮ ਤੌਰ 'ਤੇ ਸਰਕਾਰ ਬਜਟ ਪੇਸ਼ ਕਰਨ ਤੋਂ ਪਹਿਲਾਂ ਆਰਥਿਕ ਸਰਵੇਖਣ ਪੇਸ਼ ਕਰਦੀ ਹੈ, ਤਾਂ ਕੀ ਕਾਰਨ ਹੈ ਕਿ ਇਸ ਵਾਰ ਆਰਥਿਕ ਸਰਵੇਖਣ ਪੇਸ਼ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਵਿੱਤ ਮੰਤਰੀ ਤੋਂ ਇਸ ਮੁੱਦੇ 'ਤੇ ਸਥਿਤੀ ਸਪੱਸ਼ਟ ਕਰਨ ਦੀ ਮੰਗ ਕੀਤੀ। ਵਰਮਾ ਦੇ ਸਵਾਲ ਦਾ ਜਵਾਬ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਦਿੱਲੀ ਵਿਧਾਨ ਸਭਾ 'ਚ ਅਜਿਹੀਆਂ ਕਈ ਪਰੰਪਰਾਵਾਂ ਮੁੜ ਸ਼ੁਰੂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਵੇਲੇ ਕਦੇ ਵੀ ਪ੍ਰਸ਼ਨ ਕਾਲ ਨਹੀਂ ਹੁੰਦਾ ਸੀ ਪਰ ਹੁਣ ਪ੍ਰਸ਼ਨ ਕਾਲ ਸ਼ੁਰੂ ਹੋਇਆ ਹੈ। ਉਨ੍ਹਾਂ ਕਿਹਾ ਕਿ ਆਰਥਿਕ ਸਰਵੇਖਣ ਪੇਸ਼ ਕੀਤਾ ਜਾਵੇਗਾ, ਪਰ ਇਸ ਵਿਚ ਕੁਝ ਹੋਰ ਸਮਾਂ ਲੱਗੇਗਾ। ਉਨ੍ਹਾਂ ਨੇ ਦੱਸਿਆ ਕਿ ਵੱਖ-ਵੱਖ ਵਿਭਾਗਾਂ ਤੋਂ ਆਡਿਟ ਰਿਪੋਰਟ ਅਜੇ ਪ੍ਰਾਪਤ ਨਹੀਂ ਹੋਈ ਹੈ। ਨਾਲ ਹੀ ਕਈ ਅਫਸਰਾਂ ਨੇ ਵੀ ਆਪਣੀ ਰਿਪੋਰਟ ਨਹੀਂ ਸੌਂਪੀ ਹੈ। ਮੁੱਖ ਮੰਤਰੀ ਗੁਪਤਾ ਨੇ ਕਿਹਾ ਕਿ ਆਡਿਟ ਰਿਪੋਰਟਾਂ ਪ੍ਰਾਪਤ ਹੁੰਦੇ ਹੀ ਆਰਥਿਕ ਸਰਵੇਖਣ ਦੀ ਰਿਪੋਰਟ ਸਦਨ ਵਿਚ ਰੱਖੀ ਜਾਵੇਗੀ। ਇਸ ਦੇ ਨਾਲ ਹੀ ਪਿਛਲੀ ਸਰਕਾਰ ਦੇ ਕੰਮਕਾਜ ਬਾਰੇ ਵੀ ਵਾਈਟ ਪੇਪਰ ਲਿਆਂਦਾ ਜਾਵੇਗਾ। ਇਸ ਬਾਰੇ ਸਵਾਲ ਉੱਠਿਆ ਕਿ ਕੀ ਬਜਟ ਪੇਸ਼ ਹੋਣ ਤੋਂ ਬਾਅਦ ਆਰਥਿਕ ਸਰਵੇਖਣ ਪੇਸ਼ ਕੀਤਾ ਜਾਵੇਗਾ। ਨਾਲ ਹੀ ਪਿਛਲੀ ਸਰਕਾਰ ਦੇ ਕੰਮਾਂ ਨੂੰ ਵੀ ਵਾਈਟ ਪੇਪਰ 'ਤੇ ਲਿਆਂਦਾ ਜਾਵੇਗਾ।

ਨਿਰਮਾਣ ਮਜ਼ਦੂਰਾਂ ਦੇ ਵਫ਼ਦ ਨੇ ਰਾਹੁਲ ਗਾਂਧੀ ਨਾਲ ਕੀਤੀ ਮੁਲਾਕਾਤ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 24 ਮਾਰਚ। ਉਸਾਰੀ ਮਜ਼ਦੂਰਾਂ ਦੇ ਇਕ ਵਫ਼ਦ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ ਅਤੇ ਸਮਾਜਿਕ ਸੁਰੱਖਿਆ, ਕਾਨੂੰਨੀ ਅਧਿਕਾਰਾਂ ਅਤੇ ਉਨ੍ਹਾਂ ਦੇ ਕੰਮ ਨਾਲ ਸਬੰਧਤ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਵਫ਼ਦ 'ਚ ਸ਼ਾਮਲ ਦਿੱਲੀ ਅਸੰਗਠਿਤ ਨਿਰਮਾਣ ਮਜ਼ਦੂਰ ਯੂਨੀਅਨ ਦੇ ਸਕੱਤਰ ਥਾਨੇਸ਼ਵਰ ਦਿਆਲ ਆਦਿਗੌੜ ਨੇ ਐਤਵਾਰ ਨੂੰ ਇੱਥੇ ਕਿਹਾ ਕਿ ਉਸਾਰੀ ਖੇਤਰ 'ਚ ਕੰਮ ਕਰਨ ਵਾਲੇ ਮਜ਼ਦੂਰ ਸੰਗਠਨਾਂ ਦੇ ਇਕ ਵਫ਼ਦ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ। ਵਫ਼ਦ ਦੇ ਮੈਂਬਰਾਂ ਨੇ ਰਾਹੁਲ ਗਾਂਧੀ ਜੀ ਨਾਲ ਸਮਾਜਿਕ ਸੁਰੱਖਿਆ, ਉਸਾਰੀ ਕਾਮਿਆਂ ਦੇ ਕਾਨੂੰਨੀ ਅਧਿਕਾਰਾਂ ਅਤੇ ਉਨ੍ਹਾਂ ਦੇ ਕੰਮ ਨਾਲ ਸਬੰਧਤ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਇਨ੍ਹਾਂ 'ਚ ਰਜਿਸਟਰੇਸ਼ਨ ਅਤੇ ਲਾਭ ਦਾਅਵਾ ਕਰਨ ਦੀ ਪ੍ਰਕਿਰਿਆ, ਹੀਟਵੇਵ (ਲੂ), ਪ੍ਰਦੂਸ਼ਣ ਤੋਂ ਪ੍ਰਭਾਵਿਤ

ਮਜ਼ਦੂਰਾਂ ਨੂੰ ਮੁਆਵਜ਼ਾ ਰਾਸ਼ੀ ਭੁਗਤਾਨ, ਮਨਰੇਗਾ ਅਤੇ ਇੱਟ ਭੱਠੇ 'ਚ ਕੰਮ ਕਰ ਰਹੇ ਮਜ਼ਦੂਰ ਨੂੰ ਵੀ ਨਿਰਮਾਣ ਮਜ਼ਦੂਰ ਵਜੋਂ ਮਾਨਤਾ ਦੇਣ, ਘੱਟਦੀ ਮਹਿਲਾ ਮਜ਼ਦੂਰ ਭਾਗੀਦਾਰੀ, ਮਜ਼ਦੂਰੀ 'ਚ ਗੰਭਈਰ ਅਸਮਾਨਤਾ ਅਤੇ ਸ਼ੋਸ਼ਣ ਤੇ ਨਿਰਮਾਣ ਕੰਮ ਸਥਾਨਾਂ 'ਤੇ ਕ੍ਰੈਚ ਬਣਾਉਣ ਵਰਗੇ ਮੁੱਦੇ ਸ਼ਾਮਲ ਰਹੇ। ਸ਼?ਰੀ ਆਦਿਗੌੜ ਨੇ ਦੱਸਿਆ ਕਿ ਬੈਠਕ 'ਚ ਮੁੱਦਿਆਂ ਨੂੰ ਲੈ ਕੇ ਇਕ ਸੰਮੇਲਨ ਆਯੋਜਿਤ ਕਰਨ 'ਤੇ ਵੀ ਸਹਿਮਤੀ ਬਣੀ। ਸੰਮੇਲਨ 'ਚ ਸ਼?ਰੀ ਗਾਂਧੀ ਤੋਂ ਇਲਾਵਾ ਸੰਸਦੀ ਕਿਰਤ ਅਤੇ ਰੁਜ਼ਗਾਰ ਕਮੇਟੀ 'ਚ ਕਾਂਗਰਸ ਦੇ ਸੰਸਦ ਮੈਂਬਰ ਵੀ ਸ਼ਾਮਲ ਹੋਣਗੇ। ਵਫ਼ਦ 'ਚ ਦਿੱਲੀ ਅਸੰਗਠਿਤ ਨਿਰਮਾਣ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਅਮਜਦ ਹਸਨ, ਨਿਰਮਾਣ ਮਜ਼ਦੂਰ ਪੰਚਾਇਤ ਸੰਗਮ ਦੇ ਸਕੱਤਰ ਸੁਭਾਸ਼ ਭਟਨਾਗਰ, ਦਿੱਲੀ ਨਿਰਮਾਣ ਮਜ਼ਦੂਰ ਸੰਗਠਨ ਦੇ ਚੇਅਰਮੈਨ ਰਮੇਂਦਰ, ਸਵੈ-ਰੁਜ਼ਗਾਰ ਮਹਿਲਾ ਐਸੋਸੀਏਸ਼ਨ ਦੀ ਸਕੱਤਰ ਲਤਾ, ਰਾਸ਼ਟਰੀ ਭਵਨ ਨਿਰਮਾਣ ਸੰਘ ਦੇ ਜਨਰਲ ਸਕੱਤਰ ਖਾਲਿਦ ਰਜ਼ਾ ਖਾਨ ਅਤੇ ਹੋਰ ਮਜ਼ਦੂਰ ਨੇਤਾ ਅਮਿਤਾ ਉੱਪਲ, ਨੀਲਮ, ਪਰਵੀਨ ਅਤੇ ਵਿਕਾਸ ਸ਼ਰਮਾ ਵੀ ਸ਼ਾਮਲ ਰਹੇ।

ਭਾਰਤ 'ਚ ਵਧੀ ਔਸਤਨ ਇੰਟਰਨੈੱਟ ਖ਼ਪਤ, ਯੂਜ਼ਰ ਇਸ ਕੰਮ ਲਈ ਵਰਤ ਰਹੇ ਸਭ ਤੋਂ ਜ਼ਿਆਦਾ ਡਾਟਾ

ਨਵੀਂ ਦਿੱਲੀ 24 ਮਾਰਚ। ਵਧਦੀ ਜਾ ਰਹੀ ਮੋਬਾਈਲ ਫੋਨਾਂ ਤੇ ਇੰਟਰਨੈੱਟ ਦੀ ਵਰਤੋਂ ਨੇ ਭਾਰਤ 'ਚ ਇੰਟਰਨੈੱਟ ਦੀ ਵਰਤੋਂ 'ਚ ਵੀ ਵਾਧਾ ਕੀਤਾ ਹੈ। ਇਕ ਰਿਪੋਰਟ ਅਨੁਸਾਰ ਸਾਲ 2020 'ਚ ਇਕ ਮੋਬਾਇਲ 'ਤੇ ਔਸਤਨ 13.5 ਜੀ.ਬੀ. ਇੰਟਰਨੈੱਟ ਡਾਟਾ ਖਪਤ ਹੁੰਦੀ ਸੀ, ਜੋ ਕਿ ਸਾਲ 2023 'ਚ ਵਧ ਕੇ 24.1 ਜੀ.ਬੀ. ਤੇ ਸਾਲ 2024 ਦੇ ਅੰਤ ਤੱਕ 27.5 ਜੀ.ਬੀ. ਤੱਕ ਪਹੁੰਚ ਗਈ। ਇਸ ਇੰਟਰਨੈੱਟ ਦੀ 65 ਫ਼ੀਸਦੀ ਤੱਕ ਵਰਤੋਂ ਵੀਡੀਓਜ਼ ਦੇਖਣ ਲਈ ਕੀਤੀ ਗਈ, ਜਦਕਿ 15 ਫ਼ੀਸਦੀ ਇੰਟਰਨੈੱਟ ਸੋਸ਼ਲ ਮੀਡੀਆ ਸਾਈਟਸ ਲਈ ਵਰਤਿਆ ਗਿਆ। ਇਸ ਤੋਂ ਇਲਾਵਾ 8 ਫ਼ੀਸਦੀ ਇੰਟਰਨੈੱਟ ਆਨਲਾਈਨ ਗੇਮਿੰਗ ਲਈ ਖਰਚਿਆ ਗਿਆ। ਇਸ ਤੋਂ ਬਾਅਦ 7 ਫ਼ੀਸਦੀ ਸਿੱਖਿਆ ਖੇਤਰ ਤੇ ਕੰਮ ਲਈ, ਜਦਕਿ 5 ਫ਼ੀਸਦੀ ਇੰਟਰਨੈੱਟ ਈ-ਕਾਮਰਸ ਕੰਪਨੀਆਂ ਲਈ ਵਰਤਿਆ ਗਿਆ। ਇਸ ਟ?ਰੈਂਡ ਨੂੰ ਦੇਖਦੇ ਹੋਏ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ 2026 ਦੀ ਸ਼ੁਰੂਆਤ 'ਚ ਹੀ 5ਜੀ. ਡਾਟਾ ਟ?ਰੈਫ਼?ਕ 4ਜੀ ਨੂੰ ਪਛਾੜ ਦੇਵੇਗਾ, ਜਿਸ ਦਾ ਸਭ ਤੋਂ ਵੱਡਾ ਕਾਰਨ ਹੈ ਯੂਜ਼ਰਜ਼ ਦਾ 4ਜੀ ਮੋਬਾਈਲ ਫ਼ੋਨਾਂ ਤੋਂ 5ਜੀ ਫੋਨਾਂ 'ਤੇ ਅਪਗ੍ਰੇ?ਡ ਕਰਨਾ। ਇਸ ਮੁਤਾਬਕ ਸਾਲ 2025 ਦੌਰਾਨ ਤਕਰੀਬਨ 90 ਫ਼ੀਸਦੀ ਲੋਕ ਆਪਣੇ ਸਮਾਰਟਫੋਨ ਨੂੰ 5ਜੀ 'ਤੇ ਅਪਗ੍ਰੇਡ ਕਰ ਲੈਣਗੇ। ਭਾਰਤ 'ਚ ਪਿਛਲੇ ਪੰਜ ਸਾਲਾਂ ਦੌਰਾਨ ਹਰ ਸਾਲ ਔਸਤਨ 20 ਫ਼ੀਸਦੀ ਇੰਟਰਨੈੱਟ ਖ਼ਪਤ 'ਚ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਭਾਰਤ ਸਭ ਤੋਂ ਤੇਜ਼ੀ ਨਾਲ 5ਜੀ ਵੱਲ ਵਧ ਰਹੇ ਦੇਸ਼ਾਂ 'ਚੋਂ ਇਕ ਹੈ, ਜਿੱਥੇ ਤਕਰੀਬਨ 99 ਫ਼ੀਸਦੀ ਜ਼ਿਲ੍ਹਿਆਂ 'ਚ 5ਜੀ ਸੇਵਾ ਪਹੁੰਚ ਰਹੀ ਹੈ।

ਇਸ ਛੋਟੀ ਜਿਹੀ ਗਲਤੀ ਕਾਰਨ ਫੜੇ ਗਏ ਸਾਹਿਲ ਤੇ ਮੁਸਕਾਨ !

ਵੈੱਬ ਡੈਸਕ 24 ਮਾਰਚ। ਮੇਰਠ 'ਚ ਹੋਏ ਸੌਰਭ ਕਤਲ ਕਾਂਡ ਨੇ ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ। ਇਸ ਅਪਰਾਧ ਨੂੰ ਅੰਜਾਮ ਦੇਣ ਵਾਲੇ ਸਾਹਿਲ ਤੇ ਮੁਸਕਾਨ ਨੇ ਬਹੁਤ ਹੀ ਚਲਾਕੀ ਨਾਲ ਕਤਲ ਦੀ ਯੋਜਨਾ ਬਣਾਈ ਸੀ। ਪਰ ਇੱਕ ਗਲਤੀ ਨੇ ਉਨ੍ਹਾਂ ਦੇ ਗੁਨਾਹ ਦਾ ਪਰਦਾਫਾਸ਼ ਕਰ ਦਿੱਤਾ। ਜਾਂਚ ਦੇ ਅਨੁਸਾਰ 3 ਮਾਰਚ ਦੀ ਰਾਤ ਨੂੰ ਸਾਹਿਲ ਤੇ ਮੁਸਕਾਨ ਨੇ ਮਿਲ ਕੇ ਸੌਰਭ ਨੂੰ ਚਾਕੂ ਮਾਰ ਕੇ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਲਾਸ਼ ਨੂੰ ਟੁਕੜਿਆਂ 'ਚ ਕੱਟ ਦਿੱਤਾ ਗਿਆ ਅਤੇ ਇੱਕ ਨੀਲੇ ਡਰੰਮ ਵਿੱਚ ਸੀਮਿੰਟ ਨਾਲ ਪੈਕ ਕੀਤਾ ਗਿਆ। ਘਟਨਾ ਤੋਂ ਬਾਅਦ, ਦੋਵੇਂ ਹਿਮਾਚਲ ਟ੍ਰਿਪ ਲਈ ਗਏ ਸਨ ਤੇ 17 ਮਾਰਚ ਨੂੰ ਵਾਪਸ ਆ ਗਏ। ਦੋਵਾਂ ਨੇ ਡਰੰਮ ਸੁੱਟਣ ਲਈ ਮਜ਼ਦੂਰਾਂ ਨੂੰ ਬੁਲਾਇਆ। ਪਰ ਸੀਮਿੰਟ ਨਾਲ ਭਰਿਆ ਡਰੰਮ ਤੇ ਲਾਸ਼ ਇੰਨੀ ਭਾਰੀ ਸੀ ਕਿ ਮਜ਼ਦੂਰ ਇਸਨੂੰ ਚੁੱਕ ਨਹੀਂ ਸਕੇ। ਜਿਵੇਂ ਹੀ ਡਰੰਮ ਦਾ ਢੱਕਣ ਖੁੱਲ੍ਹਿਆ, ਅੰਦਰੋਂ ਇੱਕ ਬਦਬੂ ਫੈਲ ਗਈ। ਮਜ਼ਦੂਰਾਂ ਨੂੰ ਸ਼ੱਕ ਹੋਇਆ ਅਤੇ ਉਹ ਉੱਥੋਂ ਚਲੇ ਗਏ। ਇਸ ਦੌਰਾਨ ਮੁਸਕਾਨ ਡਰ ਗਈ ਅਤੇ ਆਪਣੇ ਮਾਪਿਆਂ ਕੋਲ ਚਲੀ ਗਈ। ਜਦੋਂ ਮੁਸਕਾਨ ਦੇ ਮਾਪਿਆਂ ਨੇ ਉਸ ਤੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਤਾਂ ਉਸਨੇ ਕਤਲ ਦੀ ਗੱਲ ਕਬੂਲ ਕਰ ਲਈ। ਇਸ ਤੋਂ ਬਾਅਦ ਉਹ ਉਸਨੂੰ ਪੁਲਸ ਕੋਲ ਲੈ ਗਏ। ਪੁੱਛਗਿੱਛ ਦੌਰਾਨ ਮੁਸਕਾਨ ਨੇ ਦੱਸਿਆ ਕਿ ਉਸਨੇ ਅਤੇ ਸਾਹਿਲ ਨੇ ਮਿਲ ਕੇ ਸੌਰਭ ਦਾ ਕਤਲ ਕੀਤਾ ਸੀ। ਇਸ ਬਿਆਨ ਤੋਂ ਬਾਅਦ, ਪੁਲਸ ਨੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇੱਕ ਗੁਆਂਢੀ ਦੇ ਅਨੁਸਾਰ, ਸਾਹਿਲ ਅਕਸਰ ਮੁਸਕਾਨ ਨੂੰ ਮਿਲਣ ਜਾਂਦਾ ਸੀ, ਪਰ ਕਿਸੇ ਨੂੰ ਸ਼ੱਕ ਨਹੀਂ ਸੀ ਕਿ ਉਹ ਇੰਨਾ ਘਿਨਾਉਣਾ ਅਪਰਾਧ ਕਰ ਸਕਦੇ ਹਨ। 17 ਮਾਰਚ ਨੂੰ ਮੁਸਕਾਨ ਨੂੰ ਚੁੱਪਚਾਪ ਬੈਠਾ ਦੇਖਿਆ ਗਿਆ ਪਰ ਉਦੋਂ ਕਿਸੇ ਨੇ ਇਸ ਵੱਲ ਧਿਆਨ ਨਹੀਂ ਦਿੱਤਾ।

ਗੈਸ ਏਜੰਸੀ ਵਿੱਚ ਲਗਾਤਾਰ ਹੋਏ 400 ਧਮਾਕੇ !

ਏਜੰਸੀਆਂ

ਬਰੇਲੀ 24 ਮਾਰਚ। ਬਰੇਲੀ ਦੇ ਬਿਥਰੀ ਚੈਨਪੁਰ ਥਾਣਾ ਖੇਤਰ ਦੇ ਰਾਜਊ ਪਰਸਪੁਰ ਸਥਿਤ ਮਹਾਲਕਸ਼ਮੀ ਗੈਸ ਏਜੰਸੀ ਵਿੱਚ ਸੋਮਵਾਰ ਦੁਪਹਿਰ ਨੂੰ ਇੱਕ ਭਿਆਨਕ ਹਾਦਸਾ ਵਾਪਰਿਆ। ਦੁਪਹਿਰ 1 ਵਜੇ ਦੇ ਕਰੀਬ, ਸਿਲੰਡਰਾਂ ਨਾਲ ਭਰੇ ਇੱਕ ਟਰੱਕ ਨੂੰ ਅੱਗ ਲੱਗ ਗਈ। ਇਸ ਦੇ ਨਾਲ ਹੀ ਗੋਦਾਮ ਵਿੱਚੋਂ ਅੱਗ ਦੀਆਂ ਲਪਟਾਂ ਉੱਠਦੀਆਂ ਦੇਖ ਕੇ ਪਿੰਡ ਰਾਜਊ ਪਰਸਾਪੁਰ ਵਿੱਚ ਦਹਿਸ਼ਤ ਫੈਲ ਗਈ। ਲੋਕਾਂ ਨੇ ਕਿਹਾ, ਅਜਿਹਾ ਮਹਿਸੂਸ ਹੋਇਆ ਜਿਵੇਂ ਕੋਈ ਜਵਾਲਾਮੁਖੀ ਫਟ ਗਿਆ ਹੋਵੇ। ਦੱਸਿਆ ਜਾ ਰਿਹਾ ਹੈ ਕਿ ਇਸ ਘਟਨਾ ਵਿੱਚ 400 ਸਿਲੰਡਰ ਫਟ ਗਏ। ਇਹ ਸਿਲੰਡਰ ਇੱਕ ਟਰੱਕ ਵਿੱਚ ਲੱਦੇ ਹੋਏ ਸਨ। ਟਰੱਕ ਦੇ ਟੁਕੜੇ-ਟੁਕੜੇ ਹੋ ਗਏ। ਖੁਸ਼ਕਿਸਮਤੀ ਨਾਲ ਪੂਰੇ ਗੋਦਾਮ ਨੂੰ ਅੱਗ ਨਹੀਂ ਲੱਗੀ। ਨਹੀਂ ਤਾਂ ਵੱਡਾ ਹਾਦਸਾ ਵਾਪਰ ਸਕਦਾ ਸੀ। ਇੰਡੇਨ ਦੀ ਮਹਾਲਕਸ਼ਮੀ ਗੈਸ ਏਜੰਸੀ ਦਾ ਗੋਦਾਮ ਪਿੰਡ ਰਾਜਊ ਪਰਸਾਪੁਰ ਤੋਂ ਲਗਭਗ 500 ਮੀਟਰ ਦੀ ਦੂਰੀ 'ਤੇ ਸਥਿਤ ਹੈ। ਏਜੰਸੀ ਦੇ ਚੌਕੀਦਾਰ ਦਿਨੇਸ਼ ਚੰਦਰ ਸ਼ੁਕਲਾ ਦੇ ਅਨੁਸਾਰ, ਸਿਲੰਡਰਾਂ ਨਾਲ ਭਰਿਆ ਇੱਕ ਟਰੱਕ ਗੋਦਾਮ ਵਿੱਚ ਅਨਲੋਡ ਹੋਣ ਦੀ ਉਡੀਕ ਕਰ ਰਿਹਾ ਸੀ। ਅਚਾਨਕ ਹੀ ਟਰੱਕ ਦੇ ਬੋਨਟ ਨੂੰ ਅੱਗ ਲੱਗ ਗਈ। ਚੌਕੀਦਾਰ ਨੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਅੱਗ ਨਾ ਬੁਝੀ ਤਾਂ ਉਹ ਪਿੰਡ ਵੱਲ ਭੱਜਿਆ। ਟਰੱਕ



ਡਰਾਈਵਰ ਵੀ ਭੱਜ ਗਿਆ। ਦੱਸਿਆ ਗਿਆ ਕਿ ਟਰੱਕ ਵਿੱਚ ਲੱਦੇ ਸਿਲੰ

ਦਰਗਾਹ 'ਚ ਜੁੱਤੀਆਂ ਪਾ ਕੇ ਜਾਣ ਕਾਰਨ ਭੀੜ ਨੇ ਬੇਰਹਿਮੀ ਨਾਲ ਕੁੱਟੇ ਵਿਦੇਸ਼ੀ ਵਿਦਿਆਰਥੀ, 5 ਗ੍ਰਿਫ਼ਤਾਰ

ਨੈਸ਼ਨਲ ਡੈਸਕ 24 ਮਾਰਚ। ਗੁਜਰਾਤ ਦੇ ਵਡੋਦਰਾ 'ਚ ਇਕ ਦਰਗਾਹ 'ਤੇ ਜੁੱਤੀਆਂ ਪਾ ਕੇ ਜਾਣ ਕਾਰਨ ਇਕ ਨਿੱਜੀ ਯੂਨੀਵਰਸਿਟੀ ਦੇ 4 ਵਿਦੇਸ਼ੀ ਵਿਦਿਆਰਥੀਆਂ 'ਤੇ ਭੀੜ ਨੇ ਹਮਲਾ ਕਰ ਦਿੱਤਾ। ਪੁਲਸ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਇਹ ਘਟਨਾ ਇਸ ਲਈ ਵਾਪਰੀ ਕਿਉਂਕਿ ਉਨ੍ਹਾਂ ਨੂੰ ਗੁਜਰਾਤੀ ਭਾਸ਼ਾ ਸਮਝ ਨਹੀਂ ਆ ਰਹੀ ਸੀ। ਇੱਕ ਅਧਿਕਾਰੀ ਨੇ ਦੱਸਿਆ ਕਿ ਭੀੜ ਦੇ ਹਮਲੇ ਵਿੱਚ ਇੱਕ ਵਿਦਿਆਰਥੀ ਦੇ ਸਿਰ ਵਿੱਚ ਗੰਭੀਰ ਸੱਟ ਲੱਗੀ ਹੈ। ਇਸ ਤੋਂ ਇਲਾਵਾ ਉਸ ਦੇ ਹੱਥਾਂ-ਪੈਰਾਂ 'ਤੇ ਵੀ ਸੱਟਾਂ ਲੱਗੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਦੋ ਨਾਬਾਲਗਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਵਾਘੋਡੀਆ ਪੁਲਸ ਸਟੇਸ਼ਨ 'ਚ ਐਤਵਾਰ ਰਾਤ ਨੂੰ ਦਰਜ ਕਰਵਾਈ ਗਈ ਐੱਫਆਈਆਰ ਮੁਤਾਬਕ ਇਹ ਚਾਰ ਵਿਦਿਆਰਥੀ ਥਾਈਲੈਂਡ, ਸੂਡਾਨ, ਮੋਜ਼ਾਮਬੀਕ ਅਤੇ ਬ੍ਰਿਟੇਨ ਦੇ ਰਹਿਣ ਵਾਲੇ ਹਨ, ਜੋ ਪਾਰੁਲ ਯੂਨੀਵਰਸਿਟੀ 'ਚ ਪੜ੍ਹਦੇ ਹਨ। 14 ਮਾਰਚ ਦੀ ਸ਼ਾਮ ਨੂੰ 10 ਦੇ ਕਰੀਬ ਲੋਕਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਦੇ ਹੋਸਟਲ ਨੇੜੇ ਲਿਮਡਾ ਪਿੰਡ ਵਿਚ ਵਿਦਿਆਰਥੀਆਂ 'ਤੇ ਹਮਲਾ ਕਰ ਦਿੱਤਾ। ਐੱਫਆਈਆਰ ਵਿੱਚ ਕਿਹਾ ਗਿਆ ਹੈ ਕਿ ਚਾਰਾਂ ਵਿਦਿਆਰਥੀਆਂ 'ਤੇ ਇਸ ਲਈ ਹਮਲਾ ਕੀਤਾ ਗਿਆ, ਕਿਉਂਕਿ ਉਹ ਗੁਜਰਾਤੀ ਭਾਸ਼ਾ ਨੂੰ ਸਮਝਣ ਦੇ ਯੋਗ ਨਹੀਂ ਸਨ। ਦੱਸਿਆ ਜਾਂਦਾ ਹੈ ਕਿ ਜਦੋਂ ਉਹ ਇਕ ਦਰਗਾਹ 'ਤੇ ਗਏ ਸੀ ਤਾਂ ਇਕ ਵਿਅਕਤੀ ਉਨ੍ਹਾਂ ਨੂੰ ਉਸੇ ਭਾਸ਼ਾ ਵਿਚ ਜੁੱਤੀਆਂ ਪਾ ਕੇ ਦਰਗਾਹ 'ਤੇ ਨਾ ਜਾਣ ਲਈ ਕਹਿ ਰਿਹਾ ਸੀ। ਐੱਫਆਈਆਰ ਵਿੱਚ ਕਿਹਾ ਗਿਆ ਹੈ ਕਿ ਹਮਲੇ ਦੌਰਾਨ ਤਿੰਨ ਵਿਦਿਆਰਥੀ ਭੱਜਣ ਵਿੱਚ ਕਾਮਯਾਬ ਹੋ ਗਏ, ਜਦੋਂਕਿ ਥਾਈਲੈਂਡ ਦੇ ਇੱਕ ਵਿਦਿਆਰਥੀ ਸੁਪਚ ਕੰਗਾਵਨਰਤਨ (20) ਨੂੰ ਲੱਕੜ ਦੀਆਂ ਸੋਟੀਆਂ,

ਕ੍ਰਿਕਟ ਬੈਟ ਅਤੇ ਪੱਥਰਾਂ ਨਾਲ ਕੁੱਟਿਆ ਗਿਆ, ਨਤੀਜੇ ਵਜੋਂ ਉਸਦੇ ਸਿਰ ਵਿੱਚ ਗੰਭੀਰ ਸੱਟਾਂ ਲੱਗ ਗਈਆਂ। ਕੰਗਾਵਨਰਤਨ 'ਬੈਚਲਰ ਆਫ਼ ਕੰਪਿਊਟਰ ਐਪਲੀਕੇਸ਼ਨਜ਼' (ਬੀਸੀਏ) ਦੇ ਦੂਜੇ ਸਾਲ ਦਾ ਵਿਦਿਆਰਥੀ ਹੈ। ਅਧਿਕਾਰੀ ਨੇ ਦੱਸਿਆ ਕਿ ਵਿਦਿਆਰਥੀ ਨੂੰ ਪਾਰੁਲ ਸੇਵਾਸ਼ਰਮ ਹਸਪਤਾਲ ਦੇ ਐਮਰਜੈਂਸੀ ਵਾਰਡ ਵਿੱਚ ਦਾਖਲ ਕਰਵਾਇਆ ਗਿਆ ਹੈ। ਵਾਘੋਦੀਆ ਪੁਲਸ ਸਟੇਸ਼ਨ ਦੇ ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ ਦੇ ਸਬੰਧ 'ਚ ਪੰਜ ਲੋਕਾਂ ਦੀ ਪਛਾਣ ਮੁਖਤਿਆਰ ਸ਼ੇਖ, ਰਾਜੇਸ਼ ਵਸਾਵਾ, ਰਵੀ ਵਸਾਵਾ, ਸਵਰਾਜ ਵਸਾਵਾ ਅਤੇ ਪ੍ਰਵੀਨ ਵਸਾਵਾ ਵਜੋਂ ਕੀਤੀ ਗਈ ਹੈ ਅਤੇ ਦੋ ਨਾਬਾਲਗਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਯੂਨੀਵਰਸਿਟੀ ਦੇ ਇੱਕ ਅਧਿਕਾਰੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਪਾਰੁਲ ਯੂਨੀਵਰਸਿਟੀ ਦੇ ਚਾਰ ਅੰਤਰਰਾਸ਼ਟਰੀ ਵਿਦਿਆਰਥੀ ਏਟੀਐੱਮ ਵਿੱਚੋਂ ਪੈਸੇ ਕਢਵਾਉਣ ਤੋਂ ਬਾਅਦ ਆਪਣੇ ਹੋਸਟਲ ਨੇੜੇ ਲਿਮਡਾ ਪਿੰਡ ਵਿੱਚ ਇੱਕ ਛੱਪੜ ਵੱਲ ਜਾ ਰਹੇ ਸਨ, ਜਦੋਂ ਪਿੰਡ ਦੇ ਕਰੀਬ 10 ਲੋਕਾਂ ਨੇ ਉਨ੍ਹਾਂ 'ਤੇ ਲੱਕੜ ਦੇ ਡੰਡਿਆਂ, ਕ੍ਰਿਕਟ ਬੈਟਾਂ ਅਤੇ ਪੱਥਰਾਂ ਨਾਲ ਹਮਲਾ ਕਰ ਦਿੱਤਾ। ਸ਼ਿਕਾਇਤ ਦੇ ਆਧਾਰ 'ਤੇ ਦਰਜ ਕਰਵਾਈ ਐੱਫਆਈਆਰ 'ਚ ਕਿਹਾ ਗਿਆ ਹੈ, "ਛੱਪੜ ਵੱਲ ਜਾਂਦੇ ਹੋਏ ਉਹ ਇਕ ਦਰਗਾਹ 'ਤੇ ਪਹੁੰਚੇ ਜਿੱਥੇ ਉੱਥੇ ਮੌਜੂਦ ਇਕ ਵਿਅਕਤੀ ਨੇ ਉਨ੍ਹਾਂ ਨੂੰ ਗੁਜਰਾਤੀ ਭਾਸ਼ਾ 'ਚ ਕਿਹਾ ਕਿ ਉਹ ਜੁੱਤੀਆਂ ਪਾ ਕੇ ਉੱਥੇ ਨਾ ਜਾਣ। ਵਿਦਿਆਰਥੀ ਇਸ ਭਾਸ਼ਾ ਨੂੰ ਸਮਝਣ ਦੇ ਯੋਗ ਨਹੀਂ ਸਨ, ਇਸ ਲਈ ਉਨ੍ਹਾਂ ਨੂੰ ਸਮਝ ਨਹੀਂ ਆਇਆ ਕਿ ਉਹ ਕੀ ਕਹਿੰਦਾ ਹੈ। ਇਸ ਤੋਂ ਬਾਅਦ ਉਕਤ ਵਿਅਕਤੀ ਨੇ ਉਨ੍ਹਾਂ 'ਤੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਧੱਕਾ-ਮੁੱਕੀ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਪਿੰਡ ਦੇ ਕਰੀਬ 10 ਲੋਕ ਉੱਥੇ ਪਹੁੰਚ ਗਏ ਅਤੇ ਵਿਦਿਆਰਥੀਆਂ ਨਾਲ ਬਦਸਲੂਕੀ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਵਿਦਿਆਰਥੀਆਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਜੋ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੇ ਸਨ।" ਐੱਫਆਈਆਰ ਵਿੱਚ ਕਿਹਾ ਗਿਆ ਹੈ ਕਿ ਥਾਈ ਵਿਦਿਆਰਥੀ ਨੂੰ ਭੀੜ ਨੇ ਉਦੋਂ ਫੜ ਲਿਆ, ਜਦੋਂ ਉਹ ਯੂਨੀਵਰਸਿਟੀ ਵੱਲ ਜਾ ਰਹੇ ਸਨ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਹਸਪਤਾਲ ਦੀ ਸੁਰੱਖਿਆ ਟੀਮ ਮੌਕੇ 'ਤੇ ਪਹੁੰਚੀ ਅਤੇ ਵਿਦਿਆਰਥੀ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ। ਵਾਘੋਡੀਆ ਥਾਣੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਭੀੜ ਖਿਲਾਫ ਭਾਰਤੀ ਨਿਆਂ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪੰਜਾਬ ਪੁਲਸ ਦੀ ਕਾਰਵਾਈ ਜਾਰੀ, 18ਵੇਂ ਦਿਨ 95 ਨਸ਼ਾ ਸਮੱਗਲਰ ਗ੍ਰਿਫ਼ਤਾਰ

ਚੰਡੀਗੜ੍ਹ/ਜਲੰਧਰ 24 ਮਾਰਚ। 'ਯੁੱਧ ਨਸ਼ਿਆਂ ਵਿਰੁੱਧ' ਨੂੰ ਲਗਾਤਾਰ 18ਵੇਂ ਦਿਨ ਜਾਰੀ ਰੱਖਦਿਆਂ ਪੰਜਾਬ ਪੁਲਸ ਨੇ 95 ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 11 ਕਿੱਲੋ ਹੈਰੋਇਨ, 7.5 ਕਿੱਲੋ ਅਫ਼ੀਮ ਅਤੇ 31,000 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸ ਦੇ ਨਾਲ ਹੀ 18 ਦਿਨਾਂ 'ਚ ਗ੍ਰਿਫ਼ਤਾਰ ਕੀਤੇ ਗਏ ਕੁੱਲ੍ਹ ਨਸ਼ਾ ਸਮੱਗਲਰਾਂ ਦੀ ਗਿਣਤੀ 2231 ਹੋ ਗਈ ਹੈ। ਵਿਸ਼ੇਸ਼ ਡੀ. ਜੀ. ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਪੰਜਾਬ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਲੜਾਈ 'ਚ ਲਿਆਂਦੀ ਤੇਜ਼ੀ ਨੂੰ ਆਮ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਹਿੱਸੇ ਵਜੋਂ ਮਾਲੇਰਕੋਟਲਾ ਪੁਲਸ ਨੇ ਸਿਵਲ ਪ੍ਰਸ਼ਾਸਨ ਨਾਲ ਮਿਲ ਕੇ ਪਿੰਡ ਫ਼ਿਰੋਜ਼ਪੁਰ ਕੋਠਲਾ, ਥਾਣਾ ਸੰਦੌੜ ਵਿਖੇ ਸੰਪਰਕ ਮੀਟਿੰਗ ਕਰਵਾਈ, ਜਿਸ ਦੌਰਾਨ 40 ਪੰਚਾਇਤਾਂ ਵੱਲੋਂ ਨਸ਼ਿਆਂ ਦੇ ਖ਼ਤਰੇ ਦਾ ਸਾਂਝੇ ਤੌਰ 'ਤੇ ਮੁਕਾਬਲਾ ਕਰਨ ਤੇ ਪੁਲਸ-ਜਨਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਮਤਾ ਪਾਸ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 97 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1600 ਤੋਂ ਵੱਧ ਪੁਲਸ ਮੁਲਾਜ਼ਮਾਂ ਵਾਲੀਆਂ 250 ਤੋਂ ਵੱਧ ਪੁਲਸ ਟੀਮਾਂ ਵੱਲੋਂ ਸੂਬੇ ਭਰ 'ਚ 539 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਹੈ, ਜਿਸ ਦੌਰਾਨ 61 ਐੱਫ. ਆਈ. ਆਰ. ਦਰਜ ਕੀਤੀਆਂ ਗਈਆਂ ਹਨ।

ਹਿਮਾਚਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁਲਾਕਾਤ

ਅੰਮ੍ਰਿਤਸਰ 24 ਮਾਰਚ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਕੱਤਰੇਤ ਦਫ਼ਤਰ ਵਿਖੇ ਹਿਮਾਚਲ ਦੇ ਸਰਕਾਰੀ ਕਾਲਜ ਬੜਸਰ ਹਮੀਰਪੁਰ ਤੋਂ ਆਏ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਬੀਤੇ ਦਿਨ ਮੁਲਾਕਾਤ ਕੀਤੀ।ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਕਿਹਾ ਕਿ ਸਾਨੂੰ ਇੱਥੇ ਆਉਣ ਤੋਂ ਪਹਿਲਾਂ ਕੁਝ ਲੋਕਾਂ ਨੇ ਬਹੁਤ ਕਿਹਾ ਕਿ ਪੰਜਾਬ ਤੁਹਾਡੇ ਲਈ ਸੁਰੱਖਿਅਤ ਨਹੀਂ ਹੈ ਪਰ ਅਸੀਂ ਫਿਰ ਵੀ ਆਉਣ ਦਾ ਫ਼ੈਸਲਾ ਕੀਤਾ ਅਤੇ ਹੁਣ ਸਾਨੂੰ ਪੰਜਾਬ ਦੀ ਧਰਤੀ 'ਤੇ ਆ ਕੇ ਬਹੁਤ ਚੰਗਾ ਲੱਗ ਰਿਹਾ ਹੈ। ਇੱਥੇ ਕਿਸੇ ਵੀ ਤਰ੍ਹਾਂ ਦਾ ਕੋਈ ਡਰ ਨਹੀਂ। ਉਨ੍ਹਾਂ ਆਪਣੇ ਸੂਬੇ ਹਿਮਾਚਲ ਵਿੱਚ ਗੁਰੂ ਘਰ ਬਣਾਉਣ ਲਈ ਜ਼ਮੀਨ ਦੇਣ ਦੀ ਵੀ ਗੱਲ ਆਖੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਗੁਰੂਆਂ ਦੀ ਧਰਤੀ ਹੈ ਇੱਥੇ ਤੁਹਾਡੇ ਵੱਲ ਕੋਈ ਉਂਗਲ ਵੀ ਨਹੀਂ ਚੁੱਕ ਸਕਦਾ। ਉਨ੍ਹਾਂ ਦੋਵਾਂ ਸੂਬਿਆਂ ਦੇ ਲੋਕਾਂ ਨੂੰ ਆਪਸ 'ਚ ਰਲ ਮਿਲ ਕੇ ਰਹਿਣ ਦੀ ਅਪੀਲ ਹੈ।

ਜਲੰਧਰ ਡਿਪਟੀ ਮੇਅਰ ਨੇ ਅੱਧਖੜ ਵਿਅਕਤੀ 'ਤੇ ਜੜ੍ਹ 'ਤੇ ਥੱਪੜ

ਜਲੰਧਰ 24 ਮਾਰਚ। ਜਲੰਧਰ ਸ਼ਹਿਰ ਦੇ ਇੰਪਰੂਵਮੈਂਟ ਟਰੱਸਟ ਵਿੱਚ ਜ਼ਬਰਦਸਤ ਹੰਗਾਮਾ ਵੇਖਣ ਨੂੰ ਮਿਲਿਆ। ਦਰਅਸਲ ਡਿਪਟੀ ਮੇਅਰ ਨੇ ਇਕ ਅੱਧਖੜ ਉਮਰ ਦੇ ਵਿਅਕਤੀ ਨੂੰ ਥੱਪੜ ਮਾਰ ਦਿੱਤਾ, ਜਿਸ ਦੀ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਦਿਨ ਨਗਰ ਸੁਧਾਰ ਟਰੱਸਟ ਦੀ ਨਵ-ਨਿਯੁਕਤ ਚੇਅਰਮੈਨ ਰਾਜਵਿੰਦਰ ਕੌਰ ਦੇ ਜੁਆਇਨਿੰਗ ਦੌਰਾਨ ਡਿਪਟੀ ਮੇਅਰ ਮਲਕੀਤ ਸਿੰਘ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਇਕ ਵਿਅਕਤੀ ਨੂੰ ਥੱਪੜ ਮਾਰ ਦਿੱਤੇ। ਇਸ ਸਬੰਧੀ ਜਾਣਕਾਰੀ ਦਿੰਦੇ ਸਮਰਥਕਾਂ ਨੇ ਦੱਸਿਆ ਕਿ ਉਕਤ ਅੱਧਖੜ ਉਮਰ ਦਾ ਵਿਅਕਤੀ ਪਹਿਲਾਂ ਵੀ ਉਨ੍ਹਾਂ ਦੀਆਂ ਜੇਬਾਂ ਵਿੱਚੋਂ ਮੋਬਾਇਲ ਫੋਨ ਅਤੇ ਹੋਰ ਸਾਮਾਨ ਚੋਰੀ ਕਰ ਚੁੱਕਾ ਹੈ। ਅੱਜ ਉਸ ਨੂੰ ਰੰਗੇ ਹੱਥੀਂ ਫੜਿਆ ਗਿਆ ਹੈ। ਹਾਲਾਂਕਿ ਪੀੜਤ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ। ਪੀੜਤ ਨੇ ਕਿਹਾ ਕਿ ਉਹ 'ਆਪ' ਸਮਰਥਕ ਹੈ ਅਤੇ ਮੰਤਰੀ ਨਾਲ ਇਥੇ ਆਇਆ ਹੈ। ਤੁਹਾਨੂੰ ਦੱਸ ਦੇਈਏ ਕਿ ਨਗਰ ਸੁਧਾਰ ਟਰੱਸਟ ਦੇ ਨਵੇਂ ਚੇਅਰਮੈਨ ਦੇ ਸ਼ਾਮਲ ਹੋਣ ਮੌਕੇ 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ, ਕੈਬਿਨਟ ਮੰਤਰੀ ਰਵਜੋਤ ਸਿੰਘ, ਵਿਧਾਇਕ ਬਲਕਾਰ ਸਿੰਘ ਅਤੇ ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ ਰਾਜਵਿੰਦਰ ਕੌਰ ਨੂੰ ਵਧਾਈ ਦੇਣ ਲਈ ਦਫ਼ਤਰ ਪਹੁੰਚੇ ਸਨ। ਦੂਜੇ ਪਾਸੇ ਡਿਪਟੀ ਮੇਅਰ ਨੇ ਇਸ ਸਬੰਧ ਵਿੱਚ ਗੱਲ ਕਰਦੇ ਹੋਏ ਕਿਹਾ ਕਿ ਉਕਤ ਵਿਅਕਤੀ ਪਹਿਲਾਂ ਵੀ ਚੋਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਚੁੱਕਾ ਹੈ ਪਰ ਬੁੱਧਵਾਰ ਉਸ ਦੇ ਸਮਰਥਕਾਂ ਨੇ ਉਸ ਨੂੰ ਰੰਗੇ ਹੱਥੀਂ ਫੜ ਲਿਆ ਹੈ।

ਸੰਗਰੂਰ ਵਿਖੇ ਨਾਮੀ ਸ਼ੋਅਰੂਮ 'ਚ ਮਚੇ ਅੱਗ ਦੇ ਭਾਂਬੜ, ਹੋਇਆ ਲੱਖਾਂ ਦਾ ਨੁਕਸਾਨ

ਸੰਗਰੂਰ 24 ਮਾਰਚ। ਸੰਗਰੂਰ ਦੇ ਮਹਿਲਾ ਰੋਡ 'ਤੇ ਸਥਿਤ 'ਰੇਡ ਟੇਪ' ਦੇ ਨਾਮੀ ਸ਼ੋਅਰੂਮ 'ਚ ਅੱਜ ਦੁਪਹਿਰ ਅੱਗ ਲੱਗ ਗਈ, ਜਿਸ ਕਾਰਨ ਵੱਡਾ ਮਾਲੀ ਨੁਕਸਾਨ ਹੋਣ ਦੀ ਸੰਭਾਵਨਾ ਹੈ। ਇਹ ਘਟਨਾ ਅੱਜ ਦੁਪਹਿਰ ਲਗਭਗ 1 ਵਜੇ ਦੀ ਦੱਸੀ ਜਾ ਰਹੀ ਹੈ। ਸ਼ੋਅਰੂਮ ਦੇ ਵੇਅਰ ਹਾਊਸ 'ਚੋਂ ਸ਼ਾਰਟ ਸਰਕਟ ਕਾਰਨ ਚਿੰਗਾਰੀਆਂ ਅਤੇ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ। ਜਦੋਂ ਸ਼ੋਅਰੂਮ ਦੇ ਸਟਾਫ਼ ਨੇ ਵੇਅਰ ਹਾਊਸ 'ਚ ਜਾ ਕੇ ਬਿਜਲੀ ਦੇ ਮੇਨ ਸਵਿੱਚ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਅੰਦਰ ਹਵਾ 'ਚ ਬਹੁਤ ਧੂੰਆਂ ਹੀ ਧੂੰਆਂ ਨਜ਼ਰ ਆਇਆ। ਸ਼ੋਅਰੂਮ ਦੇ ਕਰਮਚਾਰੀਆਂ ਨੇ ਫਾਇਰ ਬ੍ਰਿਗੇਡ ਨੂੰ ਫੋਨ ਕਰਕੇ ਸੂਚਿਤ ਕੀਤਾ। ਕੁਝ ਮਿੰਟਾਂ 'ਚ ਹੀ ਅੱਗ ਬੁਝਾਉਣ ਵਾਲੀਆਂ 3 ਗੱਡੀਆਂ ਮੌਕੇ 'ਤੇ ਪਹੁੰਚ ਗਈਆਂ ਅਤੇ ਤੁਰੰਤ ਕਾਰਵਾਈ ਕਰ ਕੇ ਅੱਗ 'ਤੇ ਕਾਬੂ ਪਾ ਲਿਆ। 'ਰੇਡ ਟੇਪ' ਸ਼ੋਅਰੂਮ ਦੇ ਅੰਦਰ ਵੱਡੀ ਮਾਤਰਾ 'ਚ ਬਰਾਂਡਿਡ ਕੱਪੜੇ, ਬੂਟ, ਜੁੱਤੀਆਂ ਅਤੇ ਹੋਰ ਸਾਮਾਨ ਮੌਜੂਦ ਸੀ। ਅੱਗ ਲੱਗਣ ਨਾਲ ਕਾਫ਼ੀ ਸਾਮਾਨ ਸੜ ਗਿਆ, ਜਿਸ ਕਾਰਨ ਕੰਪਨੀ ਨੂੰ ਲੱਖਾਂ ਰੁਪਏ ਦੇ ਨੁਕਸਾਨ ਹੋਣ ਦੀ ਸੰਭਾਵਨਾ ਹੈ। ਸ਼ੋਅਰੂਮ ਮੈਨੇਜਮੈਂਟ ਵੱਲੋਂ ਹਾਲੇ ਤੱਕ ਨੁਕਸਾਨ ਦੀ ਪੁਸ਼ਟੀ ਨਹੀਂ ਕੀਤੀ ਗਈ। ਇਹ ਵੀ ਪਤਾ ਲਗਾ ਹੈ ਕਿ ਸ਼ਾਰਟ ਸਰਕਟ ਹੀ ਅੱਗ ਲੱਗਣ ਦਾ ਮੁੱਖ ਕਾਰਨ ਬਣਿਆ। ਗਨੀਮਤ ਇਹ ਰਹੀ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਫਾਇਰ ਬ੍ਰਿਗੇਡ ਨੇ ਤੁਰੰਤ ਪਹੁੰਚ ਕੇ ਵੱਡੀ ਤਬਾਹੀ ਤੋਂ ਬਚਾ ਲਿਆ। ਜਦੋਂ ਸ਼ੋਅਰੂਮ 'ਚੋਂ ਧੂੰਏਂ ਦੇ ਗੁੱਛੜ ਨਿਕਲਣ ਲੱਗੇ, ਤਾਂ ਨਜ਼ਦੀਕੀ ਦੁਕਾਨਦਾਰ ਅਤੇ ਆਮ ਲੋਕਾਂ 'ਚ ਘਬਰਾਹਟ ਫੈਲ ਗਈ। ਮਹਿਲਾ ਰੋਡ 'ਤੇ ਕੁਝ ਸਮੇਂ ਲਈ ਟ?ਰੈਫਿਕ ਜਾਮ ਹੋ ਗਿਆ ਪਰ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਹਾਲਾਤ ਸੰਭਾਲੇ। ਅੱਗ ਕਾਰਨ ਮਾਲੀ ਨੁਕਸਾਨ ਤਾਂ ਹੋਇਆ ਪਰ ਫਾਇਰ ਬ੍ਰਿਗੇਡ ਦੇ ਸਮੇਂ 'ਤੇ ਪਹੁੰਚਣ ਕਾਰਨ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਸਥਾਨਕ ਲੋਕਾਂ ਤੇ ਦੁਕਾਨਦਾਰਾਂ ਨੇ ਫਾਇਰ ਬ੍ਰਿਗੇਡ ਦੀ ਤਤਪਰਤਾ ਦੀ ਭਰਪੂਰ ਸਰਾਹਨਾ ਕੀਤੀ।

ਪੰਜਾਬ 'ਚ ਹਾਈਵੇਅ 'ਤੇ ਜਾ ਰਹੀ ਹਿਮਾਚਲ ਦੀ ਬੱਸ 'ਤੇ ਹਮਲਾ, ਵਿੱਚ ਬੈਠੀਆਂ ਸਵਾਰੀਆਂ

ਖਰੜ 24 ਮਾਰਚ। ਹਿਮਾਚਲ 'ਚ ਸਿੱਖ ਸ਼ਰਧਾਲੂਆਂ 'ਤੇ ਹੋਏ ਹਮਲੇ ਦਾ ਮਾਮਲਾ ਹਾਲੇ ਠੰਡਾ ਵੀ ਨਹੀਂ ਹੋਇਆ ਸੀ ਕਿ ਮੰਗਲਵਾਰ ਸ਼ਾਮ ਕਰੀਬ 6 ਵਜੇ ਖਰੜ ਕੋਰਟ ਕੰਪਲੈਕਸ ਸਾਹਮਣੇ ਪੁਲ 'ਤੇ 2 ਅਣਪਛਾਤੇ ਵਿਅਕਤੀਆਂ ਨੇ ਹਿਮਾਚਲ ਰੋਡਵੇਜ਼ ਦੀ ਬੱਸ 'ਤੇ ਹਮਲਾ ਕਰ ਦਿੱਤਾ। ਹਮਲਾਵਰ ਬੱਸ ਦੇ ਸ਼ੀਸ਼ੇ ਭੰਨ ਕੇ ਮੌਕੇ ਤੋਂ ਫ਼ਰਾਰ ਹੋ ਗਏ। ਇਸ ਹਮਲੇ ਦੌਰਾਨ ਬੱਸ 'ਚ ਬੈਠੀਆਂ ਸਵਾਰੀਆਂ ਬੁਰੀ ਤਰ੍ਹਾਂ ਘਬਰਾ ਗਈਆਂ ਪਰ ਚੰਗੀ ਗੱਲ ਇਹ ਰਹੀ ਕਿ ਹਮਲੇ 'ਚ 32 ਯਾਤਰੀਆਂ ਦਾ ਵਾਲ-ਵਾਲ ਬਚਾਅ ਹੋਇਆ ਅਤੇ ਕਿਸੇ ਨੂੰ ਵੀ ਸੱਟ ਨਹੀਂ ਲੱਗੀ। ਮਾਮਲੇ ਦੀ ਜਾਣਕਾਰੀ ਮਿਲਣ 'ਤੇ ਡੀ. ਐੱਸ. ਪੀ. ਖ

ਨਸ਼ੇ ਦਾ ਅੱਡਾ ਬਣਿਆ ਸਰਕਾਰੀ ਕਾਲਜ ਦੇ ਲੜਕਿਆਂ ਦਾ ਹੋਸਟਲ, 2 ਕਿਲੋ ਗਾਂਜਾ ਸਣੇ 3 ਵਿਦਿਆਰਥੀ ਗ੍ਰਿਫਤਾਰ

ਕੋਚੀ 24 ਮਾਰਚ। ਕੇਰਲ ਦੇ ਕਲਾਮਾਸੇਰੀ ਸਥਿਤ ਸਰਕਾਰੀ ਪੋਲੀਟੈਕਨਿਕ ਕਾਲਜ ਦੇ ਲੜਕਿਆਂ ਦੇ ਹੋਸਟਲ ਵਿੱਚੋਂ 2 ਕਿਲੋ ਗਾਂਜਾ ਜ਼ਬਤ ਕੀਤਾ ਗਿਆ ਹੈ। ਪੁਲਸ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਵੀਰਵਾਰ ਰਾਤ ਨੂੰ ਕੀਤੀ ਗਈ ਛਾਪੇਮਾਰੀ 'ਚ ਤਿੰਨ ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਸ ਮੁਤਾਬਕ ਦੋਵੇਂ ਵਿਦਿਆਰਥੀਆਂ ਨੂੰ ਪੁਲਸ ਸਟੇਸ਼ਨ ਤੋਂ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ, ਜਦਕਿ ਕੁਲਬੁਪੁਝਾ, ਕੋਲਮ ਦੇ ਰਹਿਣ ਵਾਲੇ 21 ਸਾਲਾ ਆਕਾਸ਼ ਖਿਲਾਫ ਇਕ ਵੱਖਰੀ ਐੱਫ.ਆਈ.ਆਰ. ਅਧਿਕਾਰੀਆਂ ਨੇ ਵਿਦਿਆਰਥੀ ਦੇ ਕਮਰੇ ਵਿੱਚੋਂ 1.909 ਕਿਲੋਗ੍ਰਾਮ ਭੰਗ ਜ਼ਬਤ ਕੀਤੀ। ਪੁਲਸ ਨੇ ਦੱਸਿਆ ਕਿ ਦੂਜੀ ਐਫ.ਆਈ.ਆਰ. ਵਿੱਚ ਦੋ ਹੋਰ ਵਿਦਿਆਰਥੀਆਂ- ਆਦਿਤਿਆਨ (21) ਵਾਸੀ ਹਰੀਪਦ, ਅਲਾਪੁਝਾ ਅਤੇ ਅਭਿਰਾਜ (21) ਵਾਸੀ ਕਰੁਣਾਗਪੱਲੀ, ਕੋਲਮ - ਦੇ ਨਾਮ ਸ਼ਾਮਲ ਹਨ, ਜਿਨ੍ਹਾਂ ਕੋਲੋਂ 9.70 ਗ੍ਰਾਮ ਗਾਂਜਾ ਬਰਾਮਦ ਹੋਇਆ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਉਸ ਨੂੰ ਥਾਣੇ ਵਿੱਚੋਂ ਜ਼ਮਾਨਤ ਮਿਲ ਗਈ ਹੈ। ਪੁਲਸ ਅਨੁਸਾਰ ਇਹ ਵਰਜਿਤ ਵਸਤੂ ਵਿਕਰੀ ਅਤੇ ਨਿੱਜੀ ਵਰਤੋਂ ਦੋਵਾਂ ਲਈ ਸੀ। ਥ?ਰੀਕਾਕਾਰਾ ਦੇ ਏ.ਸੀ.ਪੀ.ਪੀ.ਵੀ. ਬੇਬੀ ਨੇ ਦੱਸਿਆ ਕਿ ਪੁਲਿਸ ਨੇ ਇੱਕ ਸੂਚਨਾ ਦੇ ਆਧਾਰ 'ਤੇ ਛਾਪੇਮਾਰੀ ਕੀਤੀ ਸੀ ਕਿ ਹੋਲੀ ਦੇ ਤਿਉਹਾਰ ਤੋਂ ਪਹਿਲਾਂ ਅਹਾਤੇ ਵਿੱਚ ਭਾਰੀ ਮਾਤਰਾ ਵਿੱਚ ਗਾਂਜਾ ਸਟੋਰ ਕੀਤਾ ਗਿਆ ਸੀ। ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਵੀਡੀ ਸਤੀਸਨ, ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਕਾਲਜ ਯੂਨੀਅਨ ਦੇ ਜਨਰਲ ਸਕੱਤਰ ਅਭਿਰਾਜ ਆਰ. ਗ੍ਰਿਫਤਾਰੀ 'ਤੇ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਦੋਸ਼ ਲਾਇਆ ਕਿ ਗਾਂਜਾ ਜ਼ਬਤ ਮਾਮਲੇ ਵਿੱਚ ਐਸ.ਐਫ.ਆਈ. ਯੂਨੀਅਨ ਦੇ ਆਗੂ ਸ਼ਾਮਲ ਹਨ। ਉਸ ਨੇ ਖੱਬੇਪੱਖੀ ਵਿਦਿਆਰਥੀ ਸੰਗਠਨ 'ਤੇ ਕਾਲਜ ਦੇ ਹੋਸਟਲਾਂ ਅਤੇ ਕੈਂਪਸ ਵਿਚ ਨਸ਼ੇ ਦੀ ਸਪਲਾਈ ਕਰਨ ਵਿਚ ਮਦਦ ਕਰਨ ਦਾ ਦੋਸ਼ ਲਗਾਇਆ।

ਜਲੰਧਰ 'ਚ ਗ੍ਰਨੇਡ ਹਮਲਾ ਕਰਨ ਵਾਲੇ ਦਾ ਹੋ ਗਿਆ ਐਨਕਾਊਂਟਰ ! ਤੜਕਸਾਰ ਹੋਈ ਗੋਲੀਆਂ ਦੀ ਤਾੜ-ਤਾੜ

ਜਲੰਧਰ 24 ਮਾਰਚ। ਐਤਵਾਰ ਤੜਕਸਾਰ ਜਲੰਧਰ ਦੇ ਰਾਏਪੁਰ-ਰਸੂਲਪੁਰ 'ਚ ਹੋਏ ਗ੍ਰਨੇਡ ਹਮਲੇ ਦੇ ਮਾਮਲੇ ਵਿਚ ਪੰਜਾਬ ਪੁਲਸ ਐਕਸ਼ਨ ਮੋਡ ਵਿਚ ਹੈ। ਅੱਜ ਤੜਕਸਾਰ ਹੀ ਇਸ ਮਾਮਲੇ ਦੇ ਮੁਲਜ਼ਮ ਦਾ ਪੁਲਸ ਨਾਲ ਮੁਕਾਬਲਾ ਹੋ ਗਿਆ। ਸੂਤਰਾਂ ਮੁਤਾਬਕ ਅੱਜ ਤੜਕਸਾਰ ਪੁਲਸ ਅਤੇ ਉਕਤ ਨੌਜਵਾਨ ਵਿਚਾਲੇ ਗੋਲ?ਿਬਾਰੀ ਹੋਈ। ਉਕਤ ਨੌਜਵਾਨ ਨੂੰ ਹਰਿਆਣਾ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਤੇ ਅੱਜ ਇੱਥੇ ਰਿਕਵਰੀ ਆਪ੍ਰੇਸ਼ਨ ਦੌਰਾਨ ਇਸ ਨੇ ਪੁਲਸ ਦੀ ਗ੍ਰਿਫ਼ਤ 'ਚੋਂ ਭੱਜਣ ਲਈ ਫ਼ਾਇਰਿੰਗ ਕਰ ਦਿੱਤੀ। ਇਸ ਦੌਰਾਨ ਉਹ ਜ਼ਖ਼ਮੀ ਹੋ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਪੁਲਸ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਭਰੋਸੇਯੋਗ ਖ਼ੁਫ਼ੀਆ ਜਾਣਕਾਰੀ ਦੇ ਅਧਾਰ 'ਤੇ ਜਲੰਧਰ ਦਿਹਾਤੀ ਪੁਲਸ ਨੇ ਨਵਦੀਪ ਸਿੰਘ ਉਰਫ਼ ਰੋਜਰ ਸੰਧੂ 'ਤੇ ਹਮਲੇ ਦੇ ਮੁੱਖ ਮੁਲਜ਼ਮ ਹਾਰਦਿਕ ਕੰਬੋਜ ਨੂੰ ਹਰਿਆਣਾ ਦੇ ਯਮੁਨਾਨਗਰ ਤੋਂ ਬੀਤੇ ਦਿਨੀਂ ਗ੍ਰਿਫ਼ਤਾਰ ਕੀਤਾ ਸੀ। ਮੁਲਜ਼ਮ ਨੇ ਮਕਸੂਦਾਂ ਥਾਣੇ ਦੇ ਇਲਾਕੇ ਵਿਚ ਰਿਕਵਰੀ ਆਪ੍ਰੇਸ਼ਨ ਦੌਰਾਨ ਪੁਲਸ ਦੀ ਗ੍ਰਿਫ਼ਤ 'ਚੋਂ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਸ ਨੇ ਵੀ ਆਤਮ ਰੱਖਿਆ ਵਿਚ ਜਵਾਬੀ ਕਾਰਵਾਈ ਕੀਤੀ, ਜਿਸ ਦੇ ਨਤੀਜੇ ਵਜੋਂ ਮੁਲਜ਼ਮ ਦੇ ਲੱਤ ਵਿਚ ਸੱਟ ਲੱਗੀ ਹੈ।

ਉਸ ਨੂੰ ਤੁਰੰਤ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ ਗਈ ਤੇ ਜਲੰਧਰ ਦੇ ਸਿਵਲ ਹਸਪਤਾਲ ਭਿਜਵਾ ਦਿੱਤਾ ਗਿਆ। ਉਸ ਕੋਲੋਂ ਇਕ .32 ਬੋਰ ਦੀ ਪਿਸਤੌਲ ਅਤੇ 6 ਜ਼ਿੰਦਾ ਕਾਰਤੂਸ ਬਰਾਮਦ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਸੂਬੇ ਵਿਚ ਸ਼ਾਂਤੀ ਤੇ ਸਦਭਾਵਨਾ ਬਣਾਈ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਦੱਸ ਦਈਏ ਕਿ ਐਤਵਾਰ ਤੜਕਸਾਰ ਲੱਗਭਗ 3.30 ਵਜੇ ਪਿੰਡ ਰਾਏਪੁਰ-ਰਸੂਲਪੁਰ ਵਿਚ ਰਹਿਣ ਵਾਲੇ ਨਵਦੀਪ ਸਿੰਘ ਸੰਧੂ ਉਰਫ ਰੋਜਰ ਸੰਧੂ ਦੇ ਘਰ 'ਤੇ ਪਾਕਿਸਤਾਨੀ ਡਾਨ ਸ਼ਹਿਜ਼ਾਦ ਭੱਟੀ ਨੇ ਹਮਲਾ ਕਰਵਾਇਆ ਸੀ ਅਤੇ ਉਸ ਦੇ ਬਾਅਦ ਸੋਸ਼ਲ ਮੀਡੀਆ 'ਤੇ ਵੀਡੀਓ ਵੀ ਜਾਰੀ ਕੀਤੀ ਸੀ ਕਿ ਰੋਜਰ ਸੰਧੂ ਨੇ ਇਸਲਾਮ ਨੂੰ ਲੈ ਕੇ ਗਲਤ ਟਿੱਪਣੀਆਂ ਕੀਤੀਆਂ ਸਨ, ਜਿਸ ਕਾਰਨ ਉਸ ਨੇ ਇਹ ਹਮਲਾ ਕਰਵਾਇਆ। ਉਸ ਨੇ ਦਾਅਵਾ ਕੀਤਾ ਸੀ ਕਿ ਖ਼ਾਲਿਸਤਾਨੀ ਅੱਤਵਾਦੀ ਹੈਪੀ ਪਾਸ਼ੀਆ ਤੇ ਬਾਬਾ ਸਿਦੀਕੀ ਹੱਤਿਆਕਾਂਡ ਦੇ ਮਾਸਟਰਮਾਈਂਡ ਜੀਸ਼ਾਨ ਅਖਤਰ ਨੇ ਇਸ ਵਾਰਦਾਤ ਵਿਚ ਉਸ ਦਾ ਸਾਥ ਦਿੱਤਾ। ਡਾਨ ਸ਼ਹਿਜ਼ਾਦ ਭੱਟੀ ਨੇ ਧਮਕੀ ਦਿੱਤੀ ਸੀ ਕਿ ਜੇਕਰ ਯੂ-ਟਿਊਬਰ ਨਾ ਹਟਿਆ ਤਾਂ ਉਹ ਫਿਰ ਹਮਲੇ ਕਰਵਾਏਗਾ। ਪੰਜਾਬ ਪੁਲਸ, ਬੰਬ ਸਕੁਐਡ ਅਤੇ ਚੰਡੀਗੜ੍ਹ ਤੋਂ ਟੀਮਾਂ ਯੂ-ਟਿਊਬਰ ਰੋਜਰ ਸੰਧੂ ਦੇ ਘਰ ਪਹੁੰਚੀਆਂ ਸਨ ਤੇ ਲੱਗਭਗ 3 ਘੰਟੇ ਦੀ ਮੁਸ਼ੱਕਤ ਤੋਂ ਬਾਅਦ ਗ੍ਰਨੇਡ ਨੂੰ ਡੀਫਿਊਜ਼ ਕੀਤਾ ਸੀ, ਜਿਸ ਤੋਂ ਬਾਅਦ ਪਿੰਡ ਵਾਸੀਆਂ ਅਤੇ ਪੁਲਸ ਨੇ ਸੁੱਖ ਦਾ ਸਾਹ ਲਿਆ। ਪੁਲਸ ਨੇ ਬੀਤੇ ਦਿਨੀਂ ਹੀ ਅਣਪਛਾਤੇ ਲੋਕਾਂ ਖ਼?ਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਸੀ।

ਸਰਕਾਰ ਨੇ 1 ਅਪ੍ਰੈਲ ਤੋਂ ਪਿਆਜ਼ 'ਤੇ 20 ਫ਼ੀਸਦੀ ਬਰਾਮਦ ਡਿਊਟੀ ਵਾਪਸ ਲਈ

ਨਵੀਂ ਦਿੱਲੀ 24 ਮਾਰਚ। ਸਰਕਾਰ ਨੇ 1 ਅਪ੍ਰੈਲ ਤੋਂ ਪਿਆਜ਼ 'ਤੇ 20 ਫ਼ੀਸਦੀ ਬਰਾਮਦ ਡਿਊਟੀ ਨੂੰ ਵਾਪਸ ਲੈ ਲਿਆ ਹੈ। ਇਕ ਅਧਿਕਾਰਤ ਬਿਆਨ 'ਚ ਕਿਹਾ ਗਿਆ ਕਿ ਇਹ ਕਦਮ ਕਿਸਾਨਾਂ ਦੇ ਹਿਤਾਂ ਦੀ ਰੱਖਿਆ ਲਈ ਚੁੱਕਿਆ ਗਿਆ ਹੈ। ਖਪਤਕਾਰ ਮਾਮਲਿਆਂ ਦੇ ਵਿਭਾਗ ਵੱਲੋਂ ਪੱਤਰ ਮਿਲਣ ਤੋਂ ਬਾਅਦ ਮਾਲ ਵਿਭਾਗ ਨੇ ਇਸ ਸਬੰਧ 'ਚ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਖਪਤਕਾਰ ਮਾਮਲਿਆਂ ਬਾਰੇ ਮੰਤਰਾਲੇ ਨੇ ਕਿਹਾ, "ਇਹ ਫੈਸਲਾ ਕਿਸਾਨਾਂ ਨੂੰ ਲਾਭਕਾਰੀ ਮੁੱਲ ਯਕੀਨੀ ਬਣਾਉਣ ਅਤੇ ਖਪਤਕਾਰਾਂ ਲਈ ਪਿਆਜ਼ ਦੀ ਸਹੀ ਕੀਮਤ ਬਣਾਈ ਰੱਖਣ ਲਈ ਸਰਕਾਰ ਦੀ ਵਚਨਬੱਧਤਾ ਦਾ ਇਕ ਹੋਰ ਸਬੂਤ ਹੈ। ਹਾੜੀ ਦੀਆਂ ਫਸਲਾਂ ਦੀ ਚੋਖੀ ਮਾਤਰਾ 'ਚ ਆਮਦ ਦੀ ਉਮੀਦ ਤੋਂ ਬਾਅਦ ਥੋਕ ਅਤੇ ਪ੍ਰਚੂਨ ਕੀਮਤਾਂ 'ਚ ਗਿਰਾਵਟ ਆਈ ਹੈ।

ਪੰਜਾਬ ਪੁਲਸ ਦੇ ਇਨ੍ਹਾਂ ਮੁਲਾਜ਼ਮਾਂ 'ਤੇ ਡਿੱਗੀ ਗਾਜ

ਜਲੰਧਰ 24 ਮਾਰਚ। ਜਲੰਧਰ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਜਲੰਧਰ ਦੇ ਦੋ ਪੁਲਸ ਮੁਲਾਜ਼ਮਾਂ ਨੂੰ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਮੁਅੱਤਲ ਕਰ ਦਿੱਤਾ ਹੈ। ਮਿਲੀ ਜਾਣਕਾਰੀ ਮੁਤਾਬਕ ਕੈਂਟ ਪੁਲਸ ਸਟੇਸ਼ਨ ਦੇ ਐੱਸ. ਐੱਚ. ਓ. ਹਰਿੰਦਰ ਸਿੰਘ ਅਤੇ ਕਾਂਸਟੇਬਲ ਜਸਪਾਲ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਦੱਸ ਦੇਈਏ ਕਿ ਬੀਤੇ ਦਿਨੀਂ ਜਲੰਧਰ ਛਾਉਣੀ ਦੇ ਇਕ ਨੌਜਵਾਨ ਦੀ ਖ਼ੁਦਕੁਸ਼ੀ ਦਾ ਮਾਮਲਾ ਗਰਮਾ ਗਿਆ ਸੀ। ਦੋਸ਼ ਲੱਗੇ ਸਨ ਪੁਲਸ ਕਰਮਚਾਰੀਆਂ ਨੇ ਨੌਜਵਾਨ ਨੂੰ ਗੈਰ-ਕਾਨੂੰਨੀ ਹਿਰਾਸਤ ਵਿੱਚ ਲੈ ਕੇ ਉਸ ਤੋਂ ਰਿਸ਼ਵਤ ਲਈ ਸੀ ਅਤੇ ਬਾਅਦ ਵਿੱਚ ਇਹ ਗੱਲ ਸਾਹਮਣੇ ਆਈ ਕਿ ਉਨ੍ਹਾਂ ਨੇ ਰਿਸ਼ਵਤ ਦੇ ਪੈਸੇ ਵਾਪਸ ਕਰ ਦਿੱਤੇ ਸਨ।

ਕਾਰ ਸਵਾਰ ਵਿਅਕਤੀ ਨੂੰ ਪੁਲਸ ਨੇ ਨਸ਼ੀਲੀਆਂ ਗੋਲੀਆਂ ਸਮੇਤ ਕੀਤਾ ਕਾਬੂ

ਨੂਰਪੁਰਬੇਦੀ 24 ਮਾਰਚ। ਜ਼ਿਲ੍ਹਾ ਪੁਲਸ ਮੁਖੀ ਰੂਪਨਗਰ ਗੁਲਨੀਤ ਸਿੰਘ ਖੁਰਾਣਾ ਵੱਲੋਂ ਸਮਾਜਿਕ ਕਾਰਜਾਂ 'ਚ ਸ਼ਾਮਲ ਵਿਅਕਤੀਆਂ ਨੂੰ ਕਾਬੂ ਕਰਨ ਲਈ ਆਰੰਭ ਕੀਤੀ ਗਈ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਦੇਰ ਸ਼ਾਮ ਸਥਾਨਕ ਪੁਲਸ ਨੇ ਇਕ ਕਾਰ ਸਵਾਰ ਵਿਅਕਤੀ ਨੂੰ ਗਸ਼ਤ ਦੌਰਾਨ ਭਾਰੀ ਮਾਤਰਾ 'ਚ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਥਾਣਾ ਮੁਖੀ ਨੂਰਪੁਰਬੇਦੀ ਇੰਸਪੈਕਟਰ ਗੁਰਵਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਦੇਰ ਸ਼ਾਮ ਵੱਖ-ਵੱਖ ਟੀਮਾਂ ਬਣਾ ਕੇ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਜਾ ਰਹੀ ਸੀ ਅਤੇ ਇਸ ਦੌਰਾਨ ਜਦੋਂ ਏ.ਐੱਸ.ਆਈ. ਮਲਕੀਤ ਸਿੰਘ 'ਤੇ ਆਧਾਰਤ ਪੁਲਸ ਪਾਰਟੀ ਰਾਤ ਕਰੀਬ 8.40 ਵਜੇ ਟੀ-ਪੁਆਇੰਟ ਰੌਲੀ ਵਿਖੇ ਮੌਜੂਦ ਸੀ ਤਾਂ ਉਨ੍ਹਾਂ ਚਿੱਟੇ ਰੰਗ ਦੀ ਕਾਰ ਜਿਸ ਵਿਚ ਵਿਅਕਤੀ ਸਵਾਰ ਸੀ ਨੂੰ ਕਾਬੂ ਕਰਕੇ ਉਸ ਤੋਂ 300 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ। ਕਾਬੂ ਕੀਤੇ ਗਏ ਦੋਸ਼ੀ ਜਿਸਦੀ ਪਛਾਣ ਵਿਜੇ ਕੁਮਾਰ ਪੁੱਤਰ ਸ਼ੰਕਰ ਲਾਲ ਨਿਵਾਸੀ ਪਿੰਡ ਰੌਲੀ ਨੇ ਦੱਸਿਆ ਕਿ ਉਸਨੇ ਉਕਤ ਨਸ਼ੀਲੀਆਂ ਗੋਲੀਆਂ ਯਸ਼ਪਾਲ ਕੁਮਾਰ ਉਰਫ ਨੰਨੂ ਜੇ.ਈ. ਪੁੱਤਰ ਰਾਮ ਸਰੂਪ ਨਿਵਾਸੀ ਪਿੰਡ ਤਖਤਗੜ੍ਹ ਤੋਂ ਖਰੀਦੀਆਂ ਸਨ। ਥਾਣਾ ਮੁਖੀ ਨੇ ਦੱਸਿਆ ਕਿ ਯਸ਼ਪਾਲ ਕੁਮਾਰ ਉਰਫ ਨੰਨੂ ਜੋ ਪਹਿਲਾਂ ਹੀ ਇਕ ਐੱਨ.ਡੀ.ਪੀ.ਐੱਸ. ਦੇ ਮਾਮਲੇ 'ਚ ਨਾਮਜ਼ਦ ਹੈ ਨੂੰ ਵੀ ਦੇਰ ਸ਼ਾਮ 9 ਗ੍ਰਾਮ ਚਿੱਟੇ ਨਸ਼ੀਲੇ ਪਾਊਡਰ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤੇ ਗਏ ਵਿਜੇ ਕੁਮਾਰ ਪੁੱਤਰ ਸ਼ੰਕਰ ਲਾਲ ਨਿਵਾਸੀ ਪਿੰਡ ਰੌਲੀ ਦੇ ਖਿਲਾਫ ਐੱਨ.ਡੀ.ਪੀ.ਐੱਸ. ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਜਦਕਿ ਉਕਤ ਵੱਖ-ਵੱਖ ਮਾਮਲਿਆਂ 'ਚ ਕਾਬੂ ਕੀਤੇ ਗਏ ਦੋਵੇਂ ਦੋਸ਼ੀਆਂ ਨੂੰ ਅੱਜ ਸ੍ਰੀ ਅਨੰਦਪੁਰ ਸਾਹਿਬ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਜਿੱਥੇ ਮਾਣਯੋਗ ਜੱਜ ਨੇ ਉਨ੍ਹਾਂ ਨੂੰ ਜੁਡੀਸ਼ੀਅਲ ਰਿਮਾਂਡ 'ਤੇ ਜ਼ਿਲ੍ਹਾ ਜੇਲ ਰੂਪਨਗਰ ਵਿਖੇ ਭੇਜਣ ਦਾ ਹੁਕਮ ਦਿੱਤਾ।

ਮਾਨਸਿਕ ਤੌਰ 'ਤੇ ਪਰੇਸ਼ਾਨ ਪੁੱਤ ਨੂੰ ਬਚਾਉਣ ਗਿਆ ਸੀ ਪਿਓ, ਹੋਇਆ ਅਜਿਹਾ ਕਿ ਦੋਵਾਂ ਨੂੰ ਖਿੱਚ ਕੇ ਲੈ ਗਈ ਮੌਤ

ਸੋਨੀਪਤ 24 ਮਾਰਚ। ਹਰਿਆਣਾ ਦੇ ਸੋਨੀਪਤ ਵਿਚ ਇਕ ਦਰਦਨਾਕ ਹਾਦਸਾ ਵਾਪਰ ਗਿਆ। ਦਰਅਸਲ ਪਿਓ-ਪੁੱਤ ਦੀ ਟਰੇਨ ਦੀ ਲਪੇਟ ਵਿਚ ਆਉਣ ਕਾਰਨ ਮੌਤ ਹੋ ਗਈ, ਜਿਸ ਕਾਰਨ ਇਲਾਕੇ ਵਿਚ ਸਨਸਨੀ ਫੈਲ ਗਈ। ਇਹ ਹਾਦਸਾ ਸੋਨੀਪਤ ਦੀ ਈਦਗਾਹ ਕਾਲੋਨੀ ਦੇ ਨੇੜੇ ਦਿੱਲੀ-ਅੰਬਾਲਾ ਟਰੈਕ 'ਤੇ ਵਾਪਰਿਆ, ਜਦੋਂ ਪਿਓ ਆਪਣੇ 8 ਸਾਲ ਦੇ ਮਾਸੂਮ ਨੂੰ ਟਰੈਕ 'ਤੇ ਲੈਣ ਗਿਆ ਸੀ। ਪਿਓ-ਪੁੱਤ ਸਮੇਤ ਟਰੇਨ ਦੀ ਲਪੇਟ ਵਿਚ ਆ ਗਿਆ ਅਤੇ ਦੋਵਾਂ ਦੀ ਮੌਤ ਹੋ ਗਈ। ਹਾਦਸੇ ਦੀ ਸੂਚਨਾ ਮਿਲਣ ਮਗਰੋਂ ਜੀ. ਆਰ. ਪੀ. ਥਾਣਾ ਪੁਲਸ ਮੌਕੇ 'ਤੇ ਪਹੁੰਚੀ ਅਤੇ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜਿਆ ਗਿਆ ਅਤੇ ਹਾਦਸੇ ਦੀ ਜਾਂਚ 'ਚ ਜੁੱਟ ਗਈ। ਮਿਲੀ ਜਾਣਕਾਰੀ ਮੁਤਾਬਕ ਸੋਨੀਪਤ ਦੀ ਈਦਗਾਹ ਕਾਲੋਨੀ ਦੇ ਰਹਿਣ ਵਾਲੇ ਮਹਿਰਬਾਨ ਦਾ 8 ਸਾਲ ਦਾ ਪੁੱਤਰ ਸੂਫੀਆਨ ਮਾਨਸਿਕ ਤੌਰ 'ਤੇ ਬੀਮਾਰ ਸੀ। ਸੂਫੀਆਨ ਬਿਨਾਂ ਦੱਸੇ ਕੱਲ ਦੇਰ ਸ਼ਾਮ ਰੇਲਵੇ ਟਰੈੱਕ 'ਤੇ ਪਹੁੰਚ ਗਿਆ ਅਤੇ ਉਸ ਨੂੰ ਟਰੈੱਕ ਤੋਂ ਲੈਣ ਮਹਿਰਬਾਨ ਉੱਥੇ ਪਹੁੰਚਿਆ ਤਾਂ ਉਸ ਨੇ ਵੇਖਿਆ ਕਿ ਇਕ ਟਰੇਨ ਤੇਜ਼ ਰਫ਼ਤਾਰ ਨਾਲ ਆ ਰਹੀ ਹੈ। ਸੂਫੀਆਨ ਟਰੈੱਕ 'ਤੇ ਖੜ੍ਹਾ ਸੀ ਅਤੇ ਉਸ ਨੂੰ ਬਚਾਉਣ ਲਈ ਪਿਤਾ ਮਹਿਰਬਾਨ ਟਰੈੱਕ ਵੱਲ ਦੌੜਿਆ। ਦੋਵੇਂ ਟਰੇਨ ਦੀ ਲਪੇਟ 'ਚ ਆ ਗਏ ਅਤੇ ਦੋਵਾਂ ਦੀ ਮੌਕੇ 'ਤੇ ਮੌਤ ਹੋ ਗਈ। ਜਦੋਂ ਇਹ ਖ਼ਬਰ ਈਦਗਾਹ ਕਾਲੋਨੀ ਵਿਚ ਪਹੁੰਚੀ ਤਾਂ ਉੱਥੇ ਮਾਤਮ ਪਸਰ ਗਿਆ। ਪੁਲਸ ਨੇ ਦੋਵਾਂ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਪਰਿਵਾਰ ਦੀ ਸ਼ਿਕਾਇਤ 'ਤੇ ਮੁਕੱਦਮਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਅਮਰੀਕਾ 'ਚ ਵਾਪਰਿਆ ਭਿਆਨਕ ਹਾਦਸਾ, ਭਾਰਤੀ ਪਰਿਵਾਰ ਦੇ 3 ਮੈਂਬਰਾਂ ਦੀ ਹੋ ਗਈ ਦਰਦਨਾਕ ਮੌਤ

ਨਿਊਯਾਰਕ 24 ਮਾਰਚ। ਅਮਰੀਕਾ ਤੋਂ ਇਕ ਬੇਹੱਦ ਦਰਦਨਾਕ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਬੀਤੀ ਰਾਤ ਤਿੰਨ ਵਜੇ ਦੇ ਕਰੀਬ ਅਮਰੀਕਾ ਦੇ ਸੂਬੇ ਫਲੋਰੀਡਾ ਵਿੱਚ ਇੱਕ ਭਿਆਨਕ ਸੜਕ ਹਾਦਸਾ ਵਾਪਰ ਗਿਆ, ਜਿਸ 'ਚ ਇਕ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਤ ਹੋ ਗਈ ਹੈ, ਜਦਕਿ 2 ਹੋਰ ਜ਼ਖ਼ਮੀ ਹੋ ਗਏ। ਮ੍ਰਿਤਕਾਂ ਦੀ ਪਛਾਣ ਤੇਲੰਗਾਨਾ ਦੇ ਰਹਿਣ ਵਾਲੀ ਪ੍ਰਣੀਤਾ ਰੈੱਡੀ (35), ਉਸ ਦਾ ਪੁੱਤਰ ਅਰਵਿੰਦ (6) ਅਤੇ ਉਸ ਦੀ ਸੱਸ

ਸੁਨੀਤਾ (56) ਸਾਲ ਦੇ ਵਜੋਂ ਹੋਈ ਹੈ। ਇਹ ਸਾਰੇ ਭਾਰਤ ਦੇ ਤੇਲੰਗਾਨਾ ਦੇ ਰੰਗਾਰੇਡੀ ਜ਼ਿਲ੍ਹੇ ਦੇ ਕੋਂਡੁਰਗ ਮੰਡਲ ਦੇ ਟੇਕੁਲਾਪੱਲੀ ਤੋਂ ਅਮਰੀਕਾ ਗਏ ਸਨ। ਜਾਣਕਾਰੀ ਅਨੁਸਾਰ ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਪ੍ਰਣੀਤਾ ਰੈੱਡੀ, ਰੋਹਿਤ ਰੈੱਡੀ ਅਤੇ ਦੋ ਬੱਚੇ ਸੁਨੀਤਾ ਨਾਲ ਕਾਰ ਵਿੱਚ ਕਿਤੇ ਜਾ ਰਹੇ ਸਨ। ਪ੍ਰਣੀਤਾ ਰੈੱਡੀ, ਉਸ ਦਾ ਪ

ਕੁਝ ਕਹਿੰਦੀ ਐ ਤਸਵੀਰ...

• ਸੰਗੀਤਾ ਭੰਡਾਰੀ, ਲੁਧਿਆਣਾ

*ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ **ਕੌਮੀ ਪੱਤ੍ਰਿਕਾ** ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

• ਤਰਸੇਮ ਸਿੰਘ ਭੰਗੂ
94656-56214

ਕਾਸ਼ !

ਕਹਾਣੀ

ਜ਼ਿੰਦਗੀ ਦੇ ਸਫ਼ਰ 'ਚ ਕਈ ਵਾਰ ਅਜਿਹੇ ਲੋਕ ਮਿਲਦੇ ਹਨ ਜੋ ਸਦਾ ਲਈ ਦਿਲ 'ਚ ਥਾਂ ਬਣਾ ਲੈਂਦੇ ਹਨ। ਉਨ੍ਹਾਂ ਨੂੰ ਭੁੱਲਣਾ ਮੁਸ਼ਕਲ ਹੁੰਦਾ ਹੈ ਪਰ ਸਾਡੇ ਸਮਾਜਿਕ ਹਾਲਾਤ ਅਤੇ ਰੀਤੀ ਰਿਵਾਜ ਉਸ ਨੂੰ ਪਰਵਾਨ ਕਰਨ 'ਚ ਅੜਿੱਕਾ ਬਣਦੇ ਹਨ। ਕਹਾਣੀ ਦੀ ਪਾਤਰ ਦੀ ਅਜਿਹੀ ਕਸ਼ਮਕਸ਼ ਨੂੰ ਬਿਆਨਦੀ ਹੈ ਇਹ ਕਹਾਣੀ...

'ਨਾ ਵੇ ਜਿਊਣ ਜੋਗਿਆ, ਆਹ ਚਾਰ ਕਦਮਾਂ 'ਤੇ ਨਾਨਕਸਰ ਉਤਰ ਜਾਣੈ ਤੇਰੀ ਮਾਵਾਂ ਵਰਗੀ ਨੇ,' ਕਹਿੰਦਿਆਂ ਬੇਬੇ ਅੱਗੇ ਨੂੰ ਹੋਈ।

'ਨਾ-ਨਾ ਬੇਬੇ, ਮੇਰੀ ਆਪਣੀ ਮਾਂ ਨਾਲ ਨਹੀਂ ਬਣਦੀ, ਤੈਨੂੰ ਕਿਮੇਂ ਲੈ ਜਾਂ, ਇਹ ਨਹੀਂ ਰੁਕਦੀ ਨਾਨਕਸਰ।' ਕੰਡਕਟਰ ਰੁੱਖੀ ਜਿਹੀ ਕੰਡਕਟਰੀ ਭਾਸ਼ਾ 'ਚ ਟਿੱਚਰ ਕਰ ਕੇ ਆਪਣੇ ਮਖੌਲੀ ਹੋਣ ਦਾ ਪ੍ਰਭਾਵ ਬੈਠੀਆਂ ਸਵਾਰੀਆਂ 'ਤੇ ਛੱਡਣ ਦੀ ਕੋਸ਼ਿਸ਼ ਕਰਦਿਆਂ ਬਾਰੀ ਬੰਦ ਕਰਨ ਲੱਗ ਪਿਆ।

ਕੰਡਕਟਰ ਵੱਲੋਂ ਬਜ਼ੁਰਗ ਨਾਲ ਕੀਤੇ ਕੱਚੇ ਜਿਹੇ ਮਜ਼ਾਕ ਦਾ ਕਿਸੇ ਸਵਾਰੀ 'ਤੇ ਕੋਈ ਖ਼ਾਸ ਪ੍ਰਤੀਕਰਮ ਨਾ ਹੋਇਆ। ਪਰ ਖ਼ਾਲੀ ਬੱਸ ਸੋਚ ਕੇ ਡਰਾਈਵਰ ਬੋਲ ਪਿਆ,'ਲੈ ਲਾ ਯਾਰ, ਲਾਹ ਦਿਆਂਗੇ, ਕਿਹੜਾ ਟੈਮ ਲੱਗਦੈ, ਤੈਂ ਚੰਡੀਗੜ੍ਹ ਪਹੁੰਚ ਕੇ ਕਿਹੜੀ ਅੱਗ ਬੁਝਾਉਣੀ ਐ?'

'ਯਾਰ ਫ਼ੌਜੀਆ ਤੂੰ ਵੀ ਬਾਹਲ਼ਾ ਨਰਮ ਐਂ, ਬੁੜ੍ਹੀ ਘੰਟਾ ਲਾਊ ਚੜ੍ਹਦਿਆਂ ਉਤਰਦਿਆਂ, ਫ਼ੌਜੀ ਕਨੂੰਨ ਵਾਂਗ ਪੰਜਾਹ ਤੋਂ ਮੀਟਰ ਦੀ ਸੂਈ ਤੂੰ ਟੱਪਣ ਨਹੀਂ ਦੇਂਦਾ, ਭਾਵੇਂ ਕੋਈ ਘੜੁੱਕਾ ਈ ਪਾਸ ਕਰੀ ਜਾਵੇ।' ਕੱਚਾ ਜਿਹਾ ਹੋਇਆ ਕੰਡਕਟਰ ਡਰਾਈਵਰ ਨਾਲ ਵੀ ਖਿਝ ਪਿਆ। 'ਕਮਲ਼ਿਆ ਮਾਵਾਂ ਨਾਲ ਮਸ਼ਕਰੀਆਂ ਨਹੀਂ ਕਰੀਦੀਆਂ, ਮਾਵਾਂ ਦੀ ਕੀਮਤ ਮਾਵਾਂ ਦੇ ਜਾਣ ਤੋਂ ਬਾਅਦ ਈ ਪਤਾ ਲੱਗਦੀ ਹੈ।' ਸਾਊ ਡਰਾਈਵਰ ਨੇ ਦੁਨਿਆਵੀ ਸੱਚ ਕਹਿ ਕੇ ਸਵਾਰੀਆਂ ਦੇ ਦਿਲਾਂ 'ਚ ਡਰਾਈਵਰ ਭਾਈਚਾਰੇ ਦਾ ਸਤਿਕਾਰ ਵਧਾਅ ਦਿੱਤਾ। ਏਨੇ ਨੂੰ ਬੇਬੇ ਬਾਰੀ ਦਾ ਹੈਂਡਲ ਫੜ ਬੱਸ 'ਚ ਚੜ੍ਹ ਚੁੱਕੀ ਸੀ।

ਪੰਜ-ਦਸ ਮਿੰਟਾਂ ਬਾਅਦ ਹੀ ਬਰਨਾਲੇ ਵਾਲੇ ਬਾਈਪਾਸ 'ਤੇ ਆ ਕੇ ਲੁਧਿਆਣੇ ਤੇ ਚੰਡੀਗੜ੍ਹ ਜਾਣ ਵਾਲੀਆਂ ਸਵਾਰੀਆਂ ਨਾਲ ਬੱਸ ਖਚਾ-ਖੱਚ ਭਰ ਗਈ। ਬਾਈਪਾਸ ਤੋਂ ਚੜ੍ਹੀਆਂ ਜ਼ਿਆਦਾ ਸਵਾਰੀਆਂ ਨੌਜਵਾਨ ਮੁੰਡੇ-ਕੁੜੀਆਂ ਹੀ ਸਨ। ਉਨ੍ਹਾਂ ਦੀ ਗੱਲ-ਬਾਤ ਤੋਂ ਲੱਗ ਰਿਹਾ ਸੀ ਕਿ ਉਹ ਐਤਵਾਰ ਦੇ ਦਿਨ ਵੱਖ-ਵੱਖ ਟੈਂਸਟ ਸੈਂਟਰਾਂ 'ਚ ਕਿਸੇ ਨੌਕਰੀ ਦਾ ਟੈਂਸਟ ਦੇਣ ਜਾ ਰਹੇ ਹਨ। ਛੁੱਟੀ ਵਾਲੇ ਦਿਨ ਉਮੀਦੋਂ ਵੱਧ ਸਵਾਰੀਆਂ ਦੇ ਆਉਣ ਦਾ ਪ੍ਰਭਾਵ ਕੰਡਕਟਰ ਦੇ ਚਿਹਰੇ ਤੋਂ ਸਾਫ਼ ਝਲਕ ਰਿਹਾ ਸੀ। 'ਗਾਹਾਂ ਨੂੰ ਹੋਂਜੋ ਵੀਰੇ, ਖ਼ਾਲੀ ਪਈ ਆ ਸਾਰੀ ਬੱਸ।' ਪ੍ਰੀਤ ਵੀ ਚੰਡੀਗੜ੍ਹ ਟੈਂਸਟ ਦੇਣ ਹੀ ਜਾ ਰਹੀ ਸੀ। 'ਕਾਸ਼! ਇਹ ਗੱਭਰੂ ਵੀ ਟੈਂਸਟ ਦੇਣ ਹੀ ਜਾ ਰਿਹਾ ਹੋਵੇ।' ਪ੍ਰੀਤ ਮਨ ਹੀ ਮਨ ਸੋਚ ਗਈ।

'ਹਾਂ ਜੀ ? ਕਹਿੰਦਿਆਂ ਮੁੰਡੇ ਨੇ ਅਖ਼ਬਾਰ ਤੋਂ ਧਿਆਨ ਹਟਾਅ ਕੇ ਕੁੜੀ ਵੱਲ ਸਵਾਲੀਆ ਨਜ਼ਰੀਂ ਤੱਕਿਆ।

ਪ੍ਰੀਤ ਨੂੰ ਇੰਜ ਲੱਗਿਆ ਜਿਵੇਂ ਮੁੰਡੇ ਨੇ ਉਹਦੇ ਦਿਲ ਦੀ ਆਵਾਜ਼ ਸੁਣ ਲਈ ਹੋਵੇ। ਹੜਬੜਾਈ ਕੁੜੀ ਨੂੰ ਕੁਝ ਵੀ ਨਾ ਅਹੁੜਿਆ।

'ਮੈਨੂੰ ਇੰਜ ਲੱਗਿਆ, ਜਿਵੇਂ ਤੁਸੀਂ ਮੈਨੂੰ ਕੁਝ ਕਿਹੈ, ਸੌਰੀ।' ਕਹਿ ਕੇ ਮੁੰਡਾ ਫਿਰ ਅਖ਼ਬਾਰ ਪੜ੍ਹਨ ਲੱਗ ਪਿਆ।

ਪ੍ਰੀਤ ਨਾਰੀ ਸੰਕੋਚ ਨਾਲ ਥੋੜ੍ਹੀ ਝੇਂਪ ਗਈ। 'ਬਾਈ ਦਾ ਵੇਅ, ਤੁਸੀਂ ਵੀ ਟੈਂਸਟ ਦੇਣ ਜਾ ਰਹੇ ਹੋ?' ਪਤਾ ਨਹੀਂ ਇਹ ਸ਼ਬਦ ਪ੍ਰੀਤ ਕਿਵੇਂ ਕਹਿ ਗਈ।

'ਜੀ!' ਮੁੰਡਾ ਇਕ ਅੱਖਰੇ ਜੁਆਬ ਤੋਂ ਅੱਗੇ ਕੁਝ ਨਾ ਬੋਲਿਆ।

'ਬੈਂਕ ਵਿਚ ਪ੍ਰੋਬੇਸ਼ਨਲ ਅਫ਼ਸਰ ਦਾ ਟੈਂਸਟ ਈ ਐ ਨਾਂ?" ਪ੍ਰੀਤ ਦਾ ਦਿਲ ਕਹਿ ਰਿਹਾ ਸੀ ਕਿ ਜੋ ਟੈਂਸਟ ਮੈਂ ਦੇਣ ਜਾ ਰਹੀ ਹਾਂ ਇਹ ਵੀ ਉਹੀ ਟੈਂਸਟ ਦੇਣ ਜਾ ਰਿਹਾ ਹੈ।

'ਜੀਂ' ਗਲੋਟੇ ਵਾਂਗ ਉਧੜਦੀ ਕੁੜੀ ਵੇਖ ਵੀ ਨੌਜਵਾਨ ਗੁਰਜੀਤ 'ਤੇ ਕੋਈ ਖ਼ਾਸ ਅਸਰ ਨਾ ਹੋਇਆ।

'ਹਾਂ ਜੀ ਬਾਈ ਜੀ ਚੰਡੀਗੜ੍ਹ ਜਾਉਂਗੇ?' ਕੰਡਕਟਰ ਨੇ ਅੰਦਾਜ਼ੇ ਨਾਲ ਹੀ ਗੁਰਜੀਤ ਨੂੰ ਸਟੇ ਮੁਟਿਆਰ ਚੰਡੀਗੜ੍ਹ ਟੈਂਸਟ ਦੇਣ ਜਾਣ ਵਾਲੀਆਂ ਸਵਾਰੀਆਂ ਸਮਝਦਿਆਂ ਕਿਹਾ।

'ਹਾਂ ਜੀ ਬਾਈ ਜੀ, ਨੌ ਵਜੇ ਸਤਾਰਾਂ ਸੈਂਕਟਰ ਲਾ ਦਿਉਗੇ ਨਾ?' ਕਹਿੰਦਿਆਂ ਗੁਰਜੀਤ ਨੇ ਪੰਜ ਸੌ ਦਾ ਨੋਟ ਕੰਡਕਟਰ ਵੱਲ ਵਧਾਅ ਦਿੱਤਾ।

'ਚੰਡੀਗੜ੍ਹ ਦੋ ਵੀਰੇ?' ਰੋਜ਼ ਚੱਲਣ ਵਾਲਾ ਕੰਡਕਟਰ ਜਾਣਦਾ ਸੀ ਕਿ ਅਕਸਰ ਨਾਲ ਬੈਠੀ ਕੁੜੀ ਦੀ ਟਿਕਟ ਮੁੰਡਾ ਹੀ ਕਟਾਉਂਦਾ ਹੈ। ਪਰ ਗੁਰਜੀਤ ਨੇ ਚੁੱਪ ਕੀਤਿਆਂ ਅੰਗੂਠੇ ਨਾਲ ਦੀ ਉਂਗਲ ਖੜ੍ਹੀ ਕਰ ਦਿੱਤੀ। ਜਿਸ ਦਾ ਭਾਵ ਉਸ ਦੇ ਇਕੱਲੇ ਹੋਣ ਤੋਂ ਸੀ।

'ਜਿੱਥੇ ਚੱਲੇਗਾ ਚੱਲ੍ਹੰਗੀ ਨਾਲ ਤੇਰੇ ਵੇ ਟਿਕਟਾਂ ਦੋ ਲੈ ਲਈਂ,' ਇਕ ਲੋਕ-ਗੀਤ ਦੀਆਂ ਤੁਕਾਂ ਦਿਲ 'ਚ ਸੋਚਦੀ ਪ੍ਰੀਤ ਟਿਕਟ ਲੈਣ ਵਾਸਤੇ ਪਰਸ ਖੋਲ੍ਹਣ ਲੱਗ ਪਈ।

ਗੁਰਜੀਤ ਵੱਲੋਂ ਸਤਾਰਾਂ ਸੈਂਕਟਰ ਪਹੁੰਚਣ ਦਾ ਜੁਆਬ ਦਿੱਤੇ ਬਗ਼ੈਰ ਕੰਡਕਟਰ ਪ੍ਰੀਤ ਨੂੰ ਟਿਕਟ ਅਤੇ ਬਕਾਇਆ ਫੜਾਅ ਹੋਰ ਟਿਕਟਾਂ ਕੱਟਣ ਲੱਗ ਪਿਆ।

ਕੰਡਕਟਰ ਵੱਲੋਂ ਮੋੜਿਆ ਬਕਾਇਆ ਤੇ ਟਿਕਟ ਸੰਭਾਲਦੀ ਪ੍ਰੀਤ ਮੁੰਡੇ ਨੂੰ ਹੌਲੀ ਦੇਣੇ ਬੋਲੀ, 'ਤੁਹਾਡਾ ਸੈਂਟਰ ਕਿਹੜਾ ਹੈ?' ਪ੍ਰੀਤ ਕਿਵੇਂ ਵੀ ਗੱਲਾਂ ਬਾਤਾਂ ਦਾ ਸਿਲਸਿਲਾ ਮੁੰਡੇ ਨਾਲ ਅੱਗੇ ਤੋਰਨਾ ਚਾਹੁੰਦੀ ਸੀ।

'ਗੌਰਮਿੰਟ ਹਾਈ ਸਕੂਲ ਲੜਕੇ ਸਤਾਰਾਂ ਸੈਂਕਟਰ,' ਕਹਿ ਕੇ ਗੁਰਜੀਤ ਫਿਰ ਮੋਨੀ ਬਾਬਾ ਬਣ ਗਿਆ।

'ਵਾਹ ਓ, ਪ੍ਰੀਤ ਬੱਚਿਆਂ ਵਾਂਗ ਚਹਿਕਦਿਆਂ ਬੋਲੀ, 'ਸਫ਼ਰ ਵਧੀਆ ਰਹੇਗਾ, ਮੇਰਾ ਸੈਂਟਰ ਵੀ ਉਹੀ ਐ, ਤੁਸੀਂ ਮੈਨੂੰ ਸਿਰਫ਼ ਪ੍ਰੀਤ ਕਹਿ ਸਕਦੇ ਹੋ।' ਜਿਸਦਾ ਭਾਵ ਸਪੱਸ਼ਟ ਸੀ ਕਿ ਮੈਂ ਤੇਰੇ ਨਾਲ ਖੁੱਲ੍ਹ ਕੇ ਗੱਲਾਂ ਕਰਨੀਆਂ ਚਾਹੁੰਦੀ ਹਾਂ ਤੇ ਸਫ਼ਰ ਵਿਚ ਇਕ-ਦੂਜੇ ਪ੍ਰਤੀ ਜਾਣਕਾਰੀ ਵੀ ਬਹੁਤ ਜ਼ਰੂਰੀ ਹੁੰਦੀ ਹੈ।

'ਜੀ..' ਕਹਿ ਕੇ ਗੁਰਜੀਤ ਸਿਰਫ਼ ਥੋੜ੍ਹਾ ਜਿਹਾ ਮੁਸਕਰਾਇਆ।

'ਥੋੜਾ ਕੋਈ ਨਾਂ ਨਹੀਂ? ਹਰ ਗੱਲ ਦਾ ਜੁਆਬ 'ਜੀਂ' ਨਹੀਂ ਹੋ ਸਕਦਾ।' ਕੁੜੀ ਜਿਵੇਂ 'ਜੀਂ' ਤੋਂ ਖਿਝ ਗਈ ਹੋਵੇ ਤੇ ਕਹਿਣਾ ਚਾਹੁੰਦੀ ਹੋਵੇ, 'ਪਹਿਲ ਮੁੰਡੇ ਕਰਦੇ ਹੁੰਦੇ ਨੇ ਡੂੰਨ ਵਟਿਆ।'

'ਜੀ..ਜੀ ਨਹੀਂ, ਮੇਰਾ ਮਤਲਬ ਹੈ ਪ੍ਰੀਤ ਜੀ, ਨਾਚੀਜ਼ ਨੂੰ ਤੁਸੀਂ ਗੁਰਜੀਤ ਕਹਿ ਸਕਦੇ ਹੋ।'

'ਬੜਾ ਪਿਆਰਾ ਨਾਂ ਹੈ, ਥੋੜੀ ਪੱਗ ਤਾਂ ਬਹੁਤ ਹੀ ਸੁਹਣੀ ਹੈ, ਅੱਜ ਕੱਲ੍ਹ ਜੱਟਾਂ ਦੇ ਮੁੰਡੇ ਤਾਂ ਪੱਗਾਂ ਬੰਨ੍ਹਣੀਆਂ ਭੁੱਲਦੇ ਹੀ ਜਾ ਰਹੇ ਹਨ।' ਕੁੜੀ ਆਪਣੀ ਜਾਤ ਉੱਚੀ ਹੋਣਾ ਵੀ ਚਿਤਾਰ ਗਈ।

'ਜੀ ਥੈਂਕਸ।'

'ਫਿਰ ਜੀ?, ਜੀ ਤੋਂ ਇਲਾਵਾ ਹੋਰ ਕੋਈ ਸ਼ਬਦ ਥੋਨੂੰ ਆਉਂਦਾ ਈ ਨਹੀਂ?' ਪ੍ਰੀਤ ਨੇ ਇੰਜ ਮਿੱਠੀ ਘੂਰੀ ਵੱਟੀ ਜਿਵੇਂ ਉਹ ਇਕ-ਦੂਜੇ ਦੇ ਚਿਰਾਂ ਤੋਂ ਜਾਣੂ ਹੋਣ।

'ਨਹੀਂ ਮੇਰਾ ਮਤਲਬ ਹੈ, ਜੋ ਕੁਝ ਸਾਡੀਆਂ ਅੱਖਾਂ ਵੇਖਦੀਆਂ ਹਨ ਉਹ ਨਜ਼ਰ ਦਾ ਧੋਖਾ ਵੀ ਹੋ ਸਕਦਾ ਹੈ, ਹਰੇਕ ਚਮਕਦਾਰ ਚੀਜ਼ ਸੋਨਾ ਤਾਂ ਨਹੀਂ ਕਹੀ ਜਾ ਸਕਦੀ!' ਸੰਜੀਦਾ ਜੁਆਬ ਦੇ ਕੇ ਮੁੰਡੇ ਨੇ ਆਪਣੀ ਸਿਆਣਪ ਦਾ ਸਬੂਤ ਦਿੱਤਾ।

'ਗੁਰਜੀਤ ਮੈਨੂੰ ਇਹ ਦੱਸੋ ਕਿ ਤੁਸੀਂ ਐੱਮ.ਏ. ਫ਼ਿਲਾਸਫ਼ੀ ਕਰੀ ਐ ਜਾਂ ਇਕਨੌਮਿਕਸ?' ਕੁੜੀ ਨੇ ਹੈਰਾਨਗੀ ਨਾਲ ਮੁੰਡੇ ਵੱਲ ਤੱਕਿਆ।

'ਪ੍ਰੀਤ ਜੀ, ਫ਼ਿਲਾਸਫ਼ੀ ਬਗ਼ੈਰ ਜ਼ਿੰਦਗੀ ਨੂੰ ਸਮਝਣਾ ਬੜਾ ਮੁਸ਼ਕਿਲ ਹੈ,' ਮੁੰਡਾ ਕਹਿਣਾ ਚਾਹੁੰਦਾ ਸੀ,ਬਿਨਾਂ ਜਾਣ-ਪਛਾਣ ਓਪਰਿਆਂ ਨਾਲ ਬਹੁਤਾ ਖੁੱਲ੍ਹਣਾ ਵਾਜਿਬ ਨਹੀਂ ਹੁੰਦਾ।

ਭਾਵੇਂ ਗੁਰਜੀਤ ਬਹੁਤਾ ਖੁਲ੍ਹ ਨਹੀਂ ਰਿਹਾ ਸੀ ਪਰ ਪ੍ਰੀਤ ਉਹਦੇ ਨਾਲ ਆਪਣਿਆਂ ਵਾਂਗ ਗੱਲਾਂ ਕਰਨੀਆਂ ਚਾਹੁੰਦੀ ਸੀ। ਜ਼ਿੰਦਗੀ ਦੇ ਤਲਖ਼ ਤਜਰਬਿਆਂ ਨੇ ਗੁਰਜੀਤ ਨੂੰ ਉਮਰੋਂ ਵੱਧ ਸਿਆਣਾ ਬਣਾ ਦਿੱਤਾ ਸੀ। ਉਹ ਪ੍ਰੀਤ ਨਾਲ ਸਫ਼ਰ ਵਿਚ ਇਸ ਮੁਲਾਕਾਤ ਨੂੰ ਮਹਿਜ਼ ਇਕ ਇਤਫ਼ਾਕ ਤੋਂ ਵੱਧ ਮਹੱਤਵ ਨਹੀਂ ਦੇ ਰਿਹਾ ਸੀ।ਕੁੜੀ ਦੇ ਦਿਲ ਦੀ ਭਾਵਨਾ ਵੀ ਭਲੀ-ਭਾਂਤ ਸਮਝ ਰਿਹਾ ਸੀ। ਗੁਰਜੀਤ ਇਕ ਦਲਿਤ ਕਾਮੇ ਪਰਿਵਾਰ ਨਾਲ ਸਬੰਧ ਰਖਦਾ ਸੀ। ਕਿਰਤ ਨਾਲ ਜੁੜੇ ਬਾਪ ਤੋਂ ਸਿੱਖੀ ਉਸ ਨੂੰ ਵਿਰਾਸਤ ਵਿਚ ਮਿਲੀ ਸੀ। ਜਨਮ ਤੋਂ ਹੀ ਉਸਦਾ ਖੱਬਾ ਪੈਰ ਵਿੰਗਾ ਸੀ। ਡਾਕਟਰਾਂ ਮੁਤਾਬਕ ਵੱਡਾ ਹੋ ਕੇ ਅਪਰੇਸ਼ਨ ਤੋਂ ਬਾਅਦ ਠੀਕ ਹੋਣ ਦੀ ਉਮੀਦ ਸੀ। ਪਰ ਬਾਪ ਦੀ ਕਮਾਈ ਸਰਾਲ਼ ਵਾਂਗ ਮੂੰਹ ਅੱਡੀ ਘਰ ਦੀਆਂ ਲੋੜਾਂ ਦਾ ਹੀ ਢਿੱਡ ਭਰਦੀ ਰਹੀ, ਬੱਚੇ ਗੁਰਜੀਤ ਦੇ ਪੈਰ ਦਾ ਅਪਰੇਸ਼ਨ ਕਰਉਣ ਦੀ ਪਹੁੰਚ ਨਾ ਪਈ। ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਵਜ਼ੀਫ਼ਾ ਪ੍ਰਾਪਤ ਕਰਕੇ ਆਪਣਾ ਬੋਝ ਉਸ ਨੇ ਆਪ ਚੁੱਕ ਲਿਆ ਸੀ। ਘਰ ਵਿਚ ਹਮੇਸ਼ਾ ਲਵੇਰਾ ਰਹਿਣ ਕਰਕੇ ਉਹ ਆਪਣੇ ਹਾਣੀਆਂ ਨਾਲੋਂ ਸਰੀਰੋਂ ਵੀ ਤਕੜਾ ਸੀ। ਸਕੂਲੀ ਖੇਡਾਂ ਵਿਚ ਹਿੱਸਾ ਲੈਣ ਕਰਕੇ ਵੀ ਗੁਰਜੀਤ ਅਧਿਆਪਕਾਂ ਦਾ ਚਹੇਤਾ ਸੀ। ਨੈਸ਼ਨਲ ਕਬੱਡੀ ਵਿਚ ਤਾਂ ਉਹ ਰੇਡਰ ਦਾ ਰਿੱਟਾ ਫੜ ਕੇ ਰੋਪੜੀ ਜਿੰਦਰਾ ਬਣ ਜਾਂਦਾ। ਹਰੇਕ ਖਿਡਾਰੀ ਇਕ ਅਪੰਗ ਦੇ ਹੱਥੋਂ ਫੜੇ ਜਾਣ ਨੂੰ ਆਪਣੀ ਹੱਤਕ ਸਮਝਦਾ। ਪਰ ਉਹ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਘੱਟ ਕਿਵੇਂ ਵੀ ਨਾ ਸਮਝਦਾ। ਦਸਵੀਂ ਤੋਂ ਬਾਅਦ ਉਸ ਦੇ ਪਿਤਾ ਨੇ ਕਈ ਵਾਰ ਕਿਹਾ ਸੀ, 'ਕਮਲ਼ਿਆ ਅਪਾਹਜ ਦਾ ਪ੍ਰਮਾਣ ਪੱਤਰ ਬਣਵਾ ਲੈ, ਗੌਰਮਿੰਟ ਅਪਾਹਜਾਂ ਨੂੰ ਨੌਕਰੀ ਪਹਿਲ ਦੇ ਆਧਾਰ 'ਤੇ ਦੇਂਦੀ ਹੈ!'

ਸਵੈ-ਭਰੋਸੇ ਨਾਲ ਲਬਰੇਜ਼ ਗੁਰਜੀਤ ਨੇ ਆਪਣੇ-ਆਪ ਨੂੰ ਅਪਾਹਜ ਕਦੀ ਸਮਝਿਆ ਹੀ ਨਹੀਂ ਸੀ। ਕਾਮਯਾਬੀ ਦੀਆਂ ਪੌੜੀਆਂ ਚੜ੍ਹਦਾ ਉੱਚੀ ਵਿੱਦਿਆ ਤੋਂ ਬਾਅਦ ਨਿਸ਼ਾਨੇ ਦੀ ਪ੍ਰਾਪਤੀ ਹਿਤ ਉਹ ਅੱਜ ਬੈਂਕਿੰਗ ਦੇ ਇਮਤਿਹਾਨ ਲਈ ਜਾ ਰਿਹਾ ਸੀ।

ਬੱਸ ਲੁਧਿਆਣੇ ਬੱਸ ਅੱਡੇ ਵਿਚ ਆ ਕੇ ਰੁਕੀ। ਕੁਝ ਸਵਾਰੀਆਂ ਉਤਰੀਆਂ ਕੁਝ ਚੜ੍ਹੀਆਂ ਵੀ। ਸਵਾਰੀਆਂ ਦੇ ਨਾਲ ਹੀ ਇਕ ਕਾਲ-ਕਲੂਟਾ ਜਿਹਾ ਛੱਲੇ-ਮੁੰਦੀਆਂ ਵੇਚਣ ਵਾਲਾ ਤਾਰ ਦੇ ਰਿੰਗ ਅਤੇ ਦੋਵਾਂ ਹੱਥਾਂ ਦੀਆਂ ਸਾਰੀਆਂ ਉਂਗਲ਼ਾਂ ਵਿਚ ਛੱਲੇ ਪਾਈ ਚੜ੍ਹਿਆ। ਬੱਸ ਦੀ ਛੱਤ ਨੂੰ ਠਕੋਰਦਾ ਸਵਾਰੀਆਂ ਨੂੰ ਸੰਬੋਧਨ ਹੋਇਆ, 'ਬਾਈ ਜੀ ਦੋ ਮਿੰਟ ਬੱਸ ਰੁਕਣੀ ਐ, ਮੈਂ ਥੋੜਾ ਇਕ ਮਿੰਟ ਲੈਣੈ, ਬਾਈ ਜੀ ਰਿੱਧੀਆਂ-ਸਿੱਧੀਆਂ ਦੇ ਮਾਲਕ ਪੰਡਿਤ ਸੋਧਨਾਥ ਜੀ ਵੱਲੋਂ ਬੜੀ ਸਾਧਨਾ ਕਰਕੇ ਸੋਧੇ ਹੋਏ ਕੁਝ ਨਗ ਥੋੜੀ ਨਜ਼ਰ ਹਨ, ਆਹ ਫ਼ਿਰੋਜ਼ੀ ਮੂੰਗਾ ਪਹਿਨ ਕੇ ਕਿਧਰੇ ਵੀ ਜਾਓ ਕੰਮ ਪੱਕਾ ਬਣੂ, ਆਹ ਮੁੰਦੀ ਤਾਂ ਗੁਰੂ ਜੀ ਨੇ ਵਿਸ਼ੇਸ਼ ਨੌਕਰੀ ਵਾਸਤੇ ਹੀ ਸੋਧੀ ਹੈ, ਤੁਸੀਂ ਬਣਾਉਣ ਜਾਉਂਗੇ ਦੋ-ਢਾਈ ਹਜ਼ਾਰ ਤੋਂ ਘੱਟ ਖ਼ਰਚਾ ਨਹੀਂ ਆਏਗਾ, ਗੁਰੂ ਜੀ ਨੇ ਮਸ਼ਹੂਰੀ ਅਤੇ ਸੇਵਕਾਂ ਦੀ ਸਹੂਲਤ ਵਾਸਤੇ ਇਸ ਦੀ ਕੀਮਤ ਸਿਰਫ਼ ਪੰਜਾਹ ਰੁਪਏ ਰੱਖੀ ਹੈ। 'ਆਇਆ ਵੀਰ ਜੀ, ਪੰਜਾਹ ਰੁਪਏ, ਪੰਜਾਹ ਰੁਪਏ, ਜਿਸ ਨੂੰ ਵੀ ਲੋੜ ਹੋਵੇ 'ਵਾਜ਼ ਮਾਰ ਕੇ ਲੈ ਸਕਦਾ ਹੈਂ' ਬੋਲਦਾ ਪਿਛਲੀ ਬਾਰੀ ਵੱਲ ਨੂੰ ਵਧਣ ਲੱਗਾ।

ਮੂੰਗੇ-ਮੁੰਦੀਆਂ ਵਾਲੇ ਦੇ ਪਿੱਛੇ-ਪਿੱਛੇ ਹੀ ਭਾੜਾਂ ਛੱਡਦੀ ਕੇਤਲੀ ਤੇ ਥਰਮੋਕੋਲ ਦੇ ਗਲਾਸ ਫੜੀ ਇਕ ਚਾਹ ਵੇਚਣ ਵਾਲਾ 'ਚਾਹ..ਚਾਹ..' ਕਰਦਾ ਬੱਸ ਵਿਚ ਦਾਖ਼ਲ ਹੋਇਆ। ਉਸਨੇ ਪਹਿਲਾ ਗਲਾਸ ਚਾਹ ਦਾ ਭਰ ਕੇ ਨਾਂਹ-ਨਾਂਹ ਕਰਦੇ ਡਰਾਈਵਰ ਨੂੰ ਫੜਾਇਆ। ਡਰਾਈਵਰ ਵੱਲੋਂ ਮੁਫ਼ਤ ਦੀ ਚਾਹ ਪੀਦਿਆਂ, 'ਮੂੰਹ ਖਾਏ ਤੇ ਅੱਖਾਂ ਸ਼ਰਮਾਉਣ' ਦੇ ਅਖਾਣ ਅਨੁਸਾਰ ਬੱਸ ਦਾ ਪੰਜ ਮਿੰਟ ਹੋਰ ਰੁਕਣਾ ਤੈਅ ਸੀ। ਗੁਰਜੀਤ ਨੇ ਵੀ ਸ਼ਿਸ਼ਟਾਚਾਰ ਵਜੋਂ ਚਾਹ ਦੇ ਦੋ ਗਲਾਸ ਭਰਵਾ ਲਏ। ਪ੍ਰੀਤ ਨੇ ਗਰਮ ਚਾਹ ਸੁੜਾਕਦਿਆਂ ਕਿਹਾ, 'ਗੁਰਜੀਤ ਤੁਸੀਂ ਅਜਿਹੇ ਮੂੰਗੇ ਮੁੰਦੀਆਂ 'ਚ ਵਿਸਵਾਸ਼ ਰਖਦੇ ਹੋ?'

'ਬਿਲਕੁਲ ਨਹੀਂ,' ਕਹਿੰਦਿਆਂ ਗੁਰਜੀਤ ਨੇ ਚਾਹ ਦਾ ਘੁੱਟ ਭਰਿਆ।

'ਮੈਨੂੰ ਲੱਗਦੈ ਤੁਸੀਂ ਪੱਕੇ ਨਾਸਤਿਕ ਹੋ' ਪ੍ਰੀਤ ਵੀ ਖਿਝਦਿਆਂ ਵਾਂਗ ਬੋਲੀ।

(ਜਾਰੀ)

ਵਿਅੰਗ

ਸਰਕਾਰ ਨਿਕੰਮੀ ਨਹੀਂ

• ਡਾ. ਕਰਨੈਲ ਸਿੰਘ ਹੂੰਜਣ
94636-63404

**ਨਵੀਆਂ-ਨਵੀਆਂ ਤੇਜ਼ ਰਫ਼ਤਾਰ ਗੱਡੀਆਂ ਦੇ ਕਹਿਰ ਤੋਂ ਪਬਲਿਕ ਨੂੰ ਬਚਾਉਣ ਲਈ ਸੜਕਾਂ 'ਤੇ ਪਏ ਟੋਏ ਬਹੁਤ ਸਹਾਇਕ ਹੁੰਦੇ ਹਨ। ਹਰ ਆਦਮੀ ਬਹੁਤ ਧਿਆਨ ਨਾਲ ਆਪਣਾ ਵਾਹਨ ਚਲਾਉਂਦਾ ਹੈ

ਰਿਸ਼ਤਿਆਂ ਤੋਂ ਉਚਾਟ ਹੋਇਆ ਮਨ

ਹਰਪ੍ਰੀਤ ਕੌਰ



ਗੱਲ ਉਨ੍ਹਾਂ ਸੱਮਿਆਂ ਦੀ ਹੈ ਜਦੋਂ ਕਹਾਣੀਕਾਰ ਆਪਣੇ ਪਰਿਵਾਰ ਨਾਲ ਪਿੰਡ ਰਹਿੰਦਾ ਸੀ। ਉਸ ਦੀ ਉਮਰ 10-ਸਾਲ ਸੀ। ਜਿਉਂ-ਜਿਉਂ ਕਹਾਣੀਕਾਰ ਜਵਾਨ ਹੁੰਦਾ ਗਿਆ ਲੋਕਾਂ ਨਾਲ ਉਸ ਦੀ ਸਾਂਝ ਵਧਦੀ ਗਈ ਸਮਾਂ ਕਿਵੇਂ ਲੰਘ ਰਿਹਾ ਸੀ ਕੁਝ ਵੀ ਪਤਾ ਨਹੀ ਸੀ ਚੱਲ ਰਿਹਾ। ਸਮਾਂ ਲੰਘਣ ਦੇ ਨਾਲ-ਨਾਲ ਕਹਾਣੀਕਾਰ ਜਵਾਨ ਹੁੰਦਾਂ ਗਿਆ ਅਤੇ ਉਸ ਨੂੰ ਪੜ੍ਹ ਲਿਖਕੇ ਇਕ ਸਰਕਾਰੀ ਮਹਿਕਮੇ ਵਿਚ ਨੌਕਰੀ ਮਿਲ ਗਈ। ਉਹ ਨੌਕਰੀ ਕਰਨ ਲਈ ਪਿੰਡ ਤੋਂ ਦੂਰ ਚਲਾ ਗਿਆ ਪਰ ਉਸ ਦਾ ਪਰਿਵਾਰ, ਭੈਣ/ਭਰਾ ਉਸ ਪਿੰਡ ਵਿਚ ਹੀ ਰਹਿੰਦੇ ਸਨ। ਕਹਾਣੀਕਾਰ ਦੇ ਮਨ ਵਿਚ ਲੋਕਾਂ ਨਾਲ ਮਿਲਵਰਤਨ ਦੀ ਤੀਬਰ ਇੱਛਾਂ ਸੀ। ਜਦੋਂ ਵੀ ਉਹ ਆਪਣੇ ਪਿੰਡ ਆਉਂਦਾ ਤਾਂ ਉਹ ਲੋਕਾਂ ਅਤੇ ਆਪਣੇ ਸਾਕ-ਸਬੰਧੀਆਂ ਅਤੇ ਗਲ਼ੀ ਮੁਹੱਲੇ ਵਾਲਿਆਂ ਨਾਲ ਖ਼ੂਬ ਮਿਲਵਰਤਨ ਰੱਖਦਾ ਪਰ ਕੁਝ ਲੋਕ ਉਸ ਨੂੰ ਘੱਟ ਪਸੰਦ ਕਰਦੇ ਸਨ ਅਤੇ ਉਹ ਹਰ ਸਮੇਂ ਉਸ ਨੂੰ ਨੀਵਾਂ ਦਿਖਾਉਣਾ ਚਾਹੁੰਦੇ ਸਨ ਪਰ ਕਹਾਣੀਕਾਰ ਦੇ ਪਿਆਰ ਵਿਚ ਕੋਈ ਫ਼ਰਕ ਨਾ ਪੈਂਦਾਂ। ਜਿੱਥੇ ਕਹਾਣੀਕਾਰ ਰਹਿੰਦਾ ਸੀ ਉਸ ਦੇ ਮਕਾਨ ਦੀ ਕੰਧ ਦੂਜੇ ਗੁਆਂਢੀ ਨਾਲ ਸਾਂਝੀ ਸੀ ਜਦੋਂ ਕਹਾਣੀਕਾਰ ਬਦਲੀ ਕਰਵਾ ਕੇ ਆਪਣੇ ਪਿੰਡ ਰਹਿਣ ਆ ਗਿਆ ਤਾਂ ਉਸ ਨੇ ਆਪਣੀ ਸਾਂਝ ਦਾ ਸਿਲਸਿਲਾ ਕਾਇਮ ਰੱਖਿਆ।

ਕੁਝ ਸਾਲ ਬੀਤੇ ਕਹਾਣੀਕਾਰ ਦਾ ਵਿਆਹ ਹੋ ਗਿਆ। ਕਹਾਣੀਕਾਰ ਦਾ ਆਪਣਾ ਵੀ ਪਰਿਵਾਰ ਹੋ ਗਿਆ ਅਤੇ ਉਸ ਨੇ ਆਪਣੇ ਬੱਚਿਆਂ ਨੂੰ ਪੜ੍ਹਣ ਲਈ ਪਿੰਡ ਤੋਂ ਸ਼ਹਿਰ ਪਾ ਦਿੱਤਾ। ਪਿੰਡ ਤੋ ਸ਼ਹਿਰ ਦੂਰ ਹੋਣ ਕਰਕੇ ਆਉਣ-ਜਾਣ ਲਈ ਕਾਫ਼ੀ ਮੁਸੀਬਤਾ ਦਾ ਸਾਹਮਣਾ ਕਰਨਾ ਪੈਂਦਾ ਸੀ। ਜਿਸ ਕਰਕੇ ਕਹਾਣੀਕਾਰ ਨੇ ਸ਼ਹਿਰ ਰਹਿਣ ਦਾ ਮਨ ਬਣਾ ਲਿਆ। ਉਹ ਆਪਣੇ ਪਿੰਡ ਵਾਲੇ ਘਰ ਨੂੰ ਵੇਚਣਾ ਚਾਹੁੰਦਾ ਸੀ ਪਰ ਉਸ ਦਾ ਗੁਆਂਢੀ ਜਿਸ ਦੀ ਕੰਧ ਉਸ ਦੇ ਘਰ ਨਾਲ ਸਾਂਝੀ ਸੀ। ਉਸ ਨੇ ਮਕਾਨ ਵੇਚਣ ਵਿਚ ਅੜਿਕਾ ਖੜ੍ਹਾ ਕਰ ਦਿੱਤਾ। ਜਿਸ ਦੇ ਚਲਦਿਆ ਕਹਾਣੀਕਾਰ ਨੂੰ ਬੜੀਆ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪਿਆ। ਗੱਲ ਥਾਣੇ ਕਚਹਿਰੀਆਂ ਤੱਕ ਪੁੱਜ ਗਈ ਪਰ ਹਾਲੇ ਵੀ ਕਹਾਣੀਕਾਰ ਦੇ ਮਨ ਵਿਚ ਦੁਸ਼ਮਨੀ ਦੀ ਭਾਵਨਾ ਨਹੀਂ ਸੀ ਪਰ ਗੁਵਾਂਢੀ ਨੇ ਅੱਤ ਕਰ ਦਿੱਤੀ ਜਦ ਗੱਲ ਮੁਕਦਮੇ ਤਕ ਪੁੱਜ ਗਈ। ਹੁਣ ਕਹਾਣੀਕਾਰ ਦੇ ਸਿਰ ਤੋਂ ਪਾਣੀ ਨਿਕਲ ਚੁੱਕਾ ਸੀ। ਉਸ ਨੇ ਮਕਾਨ ਵੇਚਣ ਦਾ ਪੱਕਾ ਇਰਾਦਾ ਕਰ ਲਿਆਂ। ਉਸ ਦਾ ਵਿਸ਼ਵਾਸ ਰਿਸ਼ਤਿਆਂ ਤੋਂ ਉਠ ਗਿਆ। ਮੁਕਦਮਾ ਕਹਾਣੀਕਾਰ ਦੇ ਹੱਕ ਵਿਚ ਹੋ ਗਿਆ ਅਤੇ ਉਹ ਆਪਣਾ ਮਕਾਨ ਵੇਚ ਕੇ ਸ਼ਹਿਰ ਆ ਗਿਆ। ਉਸ ਦੀ ਪਿੰਡ ਨਾਲੋਂ ਸਾਂਝ ਟੁੱਟ ਗਈ।

ਨਵੀਂ ਜਗ੍ਹਾਂ ਤੇ ਆ ਕੇ ਕਹਾਣੀਕਾਰ ਨੇ ਨਵੇਂ ਰਿਸ਼ਤੇ ਬਣਾਉਣੇ ਸ਼ੁਰੂ ਕੀਤੇ। ਥੋੜ੍ਹੇ ਹੀ ਸਮੇਂ ਵਿਚ ਉਸ ਨੇ ਲੋਕਾਂ ਨਾਲ ਗੁੜ੍ਹਾ ਪਿਆਰ ਪਾ ਲਿਆ। ਨਵੀਂ ਜਗ੍ਹਾਂ 'ਤੇ ਆ ਕੇ ਉਸ ਨੇ ਆਪਣੀਆਂ ਕੋੜੀਆਂ ਯਾਦਾਂ ਨੂੰ ਖ਼ਤਮ ਕਰਨਾ ਚਾਹਿਆ। ਸਮਾਂ ਬੜੇ ਹੀ ਖ਼ੁਸ਼ਹਾਲ ਤਰੀਕੇ ਨਾਲ ਬੀਤ ਰਿਹਾ ਸੀ ਅਤੇ ਉਸ ਦੇ ਆਪਣੇ ਸਾਰੇ ਹੀ ਗੁਆਂਢੀਆਂ ਨਾਲ ਬੜੇ ਗੂੜ੍ਹੇ ਸਬੰਧ ਬਣ ਗਏ ਸਨ। ਉਸ ਨੂੰ ਇਹ ਅੰਦਾਜ਼ਾ ਵੀ ਨਹੀ ਸੀ ਕਿ ਗੁਆਂਢੀ ਉਸ ਨਾਲ ਖਾਰ ਖਾਂਦੇ ਹੋਣਗੇ ਪਰ ਉਸ ਦਾ ਪਤਾ ਉਦੋਂ ਹੀ ਲੱਗਾਂ ਜਦੋਂ ਉਨਾਂ ਨੇ ਕਹਾਣੀਕਾਰ ਦੀ ਪਿੱਠ ਪਿੱਛੇ ਵਾਰ ਕੀਤਾ। ਕਹਾਣੀਕਾਰ ਦਾ ਮਨ ਰਿਸ਼ਤਿਆਂ ਤੋਂ ਉਚਾਟ ਹੋ ਗਿਆ। ਉਸ ਨੇ ਬਹੁਤ ਕੋਸ਼ਿਸ਼ ਕੀਤੀ ਕਿ ਸਬੰਧ ਸੁਧਰ ਜਾਣ ਪਰ ਤਾਣੀ ਉਲਝਦੀ ਹੀ ਗਈ। •

87258-36884

ਮੋਹ-ਪਿਆਰ

ਹੁਣ ਉਹ ਨਿੱਘ, ਸਤਿਕਾਰ ਤੇ ਮੋਹ-ਪਿਆਰ ਕਿਧਰੇ ਨਹੀਂ ਮਿਲਦਾ ਜੋ ਪੁਰਾਤਨ ਸਮੇਂ ਰਿਸ਼ਤਿਆਂ 'ਚ ਹੁੰਦਾ ਸੀ। ਮਨੁੱਖ ਖ਼ੁਦ ਨੂੰ ਅੱਗੇ ਦਿਖਾਉਣ ਦੀ ਦੌੜ 'ਚ ਰਿਸ਼ਤਿਆਂ ਦੀ ਕਦਰ ਭੁੱਲ ਗਿਆ ਹੈ। ਅੱਜ ਪਰਿਵਾਰ ਵਿਖਰ ਰਹੇ ਹਨ ਤੇ ਰਿਸ਼ਤੇ ਖ਼ਤਮ ਹੋ ਰਹੇ ਹਨ।

ਪੱਛਮੀ ਸੱਭਿਅਤਾ ਦੀ ਗ਼ੁਲਾਮ ਅਜੋਕੀ ਪੀੜ੍ਹੀ

ਸਮੇਂ ਦੇ ਨਾਲ ਚਲਣਾ ਬਹੁਤ ਜ਼ਰੂਰੀ ਹੈ। ਇਸ ਨਾਲ ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਤੁਰਦੇ-ਤੁਰਦੇ ਅਸੀਂ ਇੰਨੇ ਵੀ ਅੱਗੇ ਨਾ ਨਿਕਲ ਜਾਈਏ ਕਿ ਕਿੱਧਰੇ ਆਪਣੇ ਵਜੂਦ ਅਤੇ ਜੜ੍ਹਾਂ ਤੋਂ ਟੁੱਟ ਕੇ ਰਸਤਾ ਭਟਕ ਕੇ ਗੁਆਚ ਹੀ ਨਾ ਜਾਈਏ...

ਦਵਿੰਦਰ ਕੌਰ

ਸੱਭਿਆਚਾਰ ਪੁਰਾਤਨ ਪੀੜ੍ਹੀਆਂ ਦੀਆਂ ਕਦਰਾਂ-ਕੀਮਤਾਂ, ਜੀਵਨ, ਰੀਤ-ਰਿਵਾਜ, ਕਲਾ, ਰਹਿਣ-ਸਹਿਣ ਤੇ ਸਾਡੇ ਵਜੂਦ ਦਾ ਨਾਂ ਹੈ ਜੋ ਸਾਨੂੰ, ਸਾਡੀਆਂ ਜੜ੍ਹਾਂ ਤੋਂ ਜਾਣੂ ਕਰਵਾਉਂਦਾ ਹੈ ਕਿ ਅਸੀਂ ਕੀ ਹਾਂ ? ਸੱਭਿਅਤਾ ਤੋਂ ਬਿਨਾਂ ਜ਼ਿੰਦਗੀ ਇਕ ਖ਼ਾਲੀ ਫੋਟੋ ਦੇ ਫਰੇਮ ਵਾਂਗ ਹੈ। ਸੱਭਿਆਚਾਰ ਉੱਚਾ-ਸੁੱਚਾ ਤੇ ਅਮੀਰ ਹੈ। ਗੱਲ ਕੀ ਸੱਭਿਆਚਾਰ ਹੀ ਸਾਡੀ ਪਛਾਣ ਹੈ। ਭਾਰਤ ਦੀ ਉੱਤਰ-ਪੱਛਮ ਦੀ ਧਰਤੀ ਦੀ ਸੁਹਾਵਣੀ ਗੋਦ ਵਿਚ ਵਸਦਾ ਸਾਡਾ ਪੰਜਾਬ ਪੰਜ ਦਰਿਆਵਾਂ ਦੀ ਪਵਿੱਤਰ ਧਰਤੀ ਹੈ। ਗੁਰੂਆਂ-ਪੀਰਾਂ ਅਤੇ ਮਹਾਂਪੁਰਖਾਂ ਦੀ ਸਿੰਜੀ ਇਸ ਜ਼ਰਖ਼ੇਜ਼ ਧਰਤੀ ਵਿੱਚੋਂ ਖ਼ੁਸ਼ੀਆਂ ਦੇ ਸੋਮੇਂ ਫੁਟਦੇ ਹਨ। ਆਦਿ ਕਾਲ ਤੋਂ ਲੈ ਕੇ ਅੱਜ ਤਕ ਪੰਜਾਬੀਆਂ ਨੇ ਜਨਮ ਤੋਂ ਲੈ ਕੇ ਮੌਤ ਤੱਕ ਹਰ ਥਾਂ ਵੱਖਰੀ ਹੀ ਟੌਹਰ ਕਾਇਮ ਕੀਤੀ ਹੈ।

ਹਰ ਰੀਤ-ਰਿਵਾਜ ਦੀ ਸ਼ੁਰੂਆਤ ਅਤੇ ਅੰਤ ਲੋਕ-ਗੀਤਾਂ ਨਾਲ ਹੁੰਦਾ ਹੈ। 'ਹਰਿਆ ਨੀ ਮਾਲਣ, ਹਰਿਆ ਨੀ ਭੈਣੇਂ' ਲੋਕ-ਗੀਤ ਨਾਲ ਮਨੁੱਖ ਜਨਮ ਲੈਂਦਾ ਹੈ ਤੇ ਮਿੱਠੀਆਂ ਲੋਰੀਆਂ ਸੁਣ ਕੇ ਵੱਡਾ ਹੁੰਦਾ ਹੈ। ਪ੍ਰੀਤ ਦੇ ਵਲਵਲਿਆਂ ਦੇ ਗੀਤ ਗਾਉਂਦਾ ਹੋਇਆ ਜਵਾਨੀ ਦੇ ਰੰਗ ਮਾਣਦਾ ਹੈ, ਫਿਰ ਸੁਹਾਗ ਅਤੇ ਘੋੜੀਆਂ ਨਾਲ ਵਿਆਹਿਆ ਜਾਂਦਾ ਹੈ। ਫਿਰ ਉਹ 'ਹਰਿਆ ਨੀ ਮਾਲਣ' ਵਰਗੇ ਗੀਤਾਂ ਨਾਲ ਔਲਾਦ ਨੂੰ ਜਨਮ ਦਿੰਦਾ ਹੈ। ਉਸ ਨੂੰ ਪਾਲਦਾ ਵਿਆਹੁਦਾ ਅਤੇ ਅੰਤ ਨੂੰ ਕੀਰਨੇ ਅਤੇ ਅਲਾਹੁਣੀਆਂ ਨਾਲ ਇਸ ਸੰਸਾਰ ਤੋਂ ਵਿਦਾ ਲੈਂਦਾ ਹੈ। ਲੋਕ-ਗੀਤਾਂ ਵਿਚ ਰੰਗਲਾ ਪੰਜਾਬ ਵਸਦਾ ਹੈ। ਇਹ ਸਮੁੱਚੇ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਹੈ।

ਇਸੇ ਤਰ੍ਹਾਂ ਮੇਲੇ ਵੀ ਪੰਜਾਬੀਆਂ ਦੀ ਜਿੰਦ-ਜਾਨ ਹਨ, ਜਿੰਨ੍ਹਾਂ ਵਿਚ ਪੰਜਾਬੀ ਸੰਸਕ੍ਰਿਤੀ ਦੀ ਝਲਕ ਵੇਖਣ ਨੂੰ ਮਿਲਦੀ ਹੈ। ਮੇਲੇ ਸਾਡੇ ਚਾਅ-ਸੱਧਰਾਂ ਦੀ ਪੂਰਤੀ ਕਰਦੇ ਹਨ। ਮੌਜ-ਮਸਤੀ, ਪਿਆਰਿਆਂ ਦੇ ਮੇਲ ਅਤੇ ਪੰਜਾਬਣਾਂ ਦੇ ਹਾਰ-ਸ਼ਿੰਗਾਰ ਮੇਲਿਆਂ ਦੀ ਖ਼ਾਸ ਨਿਸ਼ਾਨੀ ਹੈ।

ਆਪਣੀ ਵਿਰਾਸਤ 'ਤੇ ਮਾਣ ਕਰਨਾ ਸਵੈ-ਵਿਸ਼ਵਾਸ ਦੀ ਬੁਨਿਆਦ ਹੈ। ਸਾਡਾ ਵਿਰਸਾ ਬਹੁਤ ਅਮੀਰ, ਪੁਰਾਣਾ ਅਤੇ ਮਾਣਮੱਤਾ ਹੈ। ਪੁਰਾਣੇ ਸਮੇਂ ਹੱਥੀਂ ਕਿਰਤ ਕਰਨ ਨੂੰ ਅਹਿਮੀਅਤ ਦਿੱਤੀ ਜਾਂਦੀ ਸੀ। ਇਹੀ ਮਿਹਨਤ-ਮੁਸ਼ੱਕਤ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਦੀ ਸੀ ਨਾਲ ਹੀ ਇਹ ਰੁਝੇਵਾਂ ਨਸ਼ਿਆਂ ਅਤੇ ਹੋਰ ਭੈੜੀਆਂ ਆਦਤਾਂ ਤੋਂ ਬਚਣ ਦਾ ਸਬੱਬ ਵੀ ਬਣਦਾ ਸੀ। ਅੱਜ ਇਹ ਸਭ ਕੁਝ ਵਿਸਰਦਾ ਜਾ ਰਿਹਾ ਹੈ। ਹਲ਼ ਵਾਹੁੰਣਾ, ਖੂਹਾਂ ਤੋਂ ਪਾਣੀ ਭਰਨਾ, ਉੱਖਲੀਆਂ ਵਿਚ ਦਾਣੇ ਪੀਹਣਾ, ਚੱਕੀ ਪੀਹਣਾ, ਚਰਖਾ ਕੱਤਣਾ, ਤੰਦੂਰ 'ਚ ਰੋਟੀਆਂ ਲਾਉਣਾ ਆਦਿ ਕੰਮ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਦੇ ਸਨ। ਅੱਜ ਸਭ ਕੁਝ ਬਣਾਵਟੀ ਹੋ ਚੁੱਕਾ ਹੈ। 'ਚਰਖੇ ਦੀ ਘੂਕਰ' ਸੁਣਨੀ ਤਾਂ ਦੂਰ' ਚਰਖਾ ਹੀ ਨਹੀਂ ਦਿਖਾਈ ਦਿੰਦਾ। ਉਸ ਨੂੰ ਬੇਲੋੜੀਆਂ ਚੀਜ਼ ਸਮਝ ਕੇ ਕਿਸੇ ਕੋਨੇ ਵਿਚ ਕਬਾੜ ਸਮਝ ਕੇ ਸੁੱਟ ਦਿੱਤਾ ਜਾਂਦਾ ਹੈ।

ਪੁਰਾਤਨ ਵਿਰਸੇ ਨੂੰ ਸੰਭਾਲਣ ਦੀ ਜਦ ਗੱਲ ਤੁਰਦੀ ਹੈ ਤਾਂ ਅਸੀਂ ਚਾਹੁੰਦੇ ਹਾਂ ਕਿ ਹਰ ਪਾਸੇ ਵਿਰਸੇ ਦੀ ਤਸਵੀਰ ਦਿਸੇ ਪਰ ਇਹ ਤਾਂ ਤਸਵੀਰ ਜੀਵਨ ਜਿਊਣ ਦੇ ਢੰਗਾਂ ਤੋਂ ਉਪਜ ਸਕਦੀ ਹੈ, ਨਾ ਕਿ ਗੱਲਾਂ ਨਾਲ।

ਹੁਣ ਨਾ ਤਾਂ ਮਧਾਣੀਆਂ ਦੀ ਲੋੜ ਰਹੀ ਤੇ ਨਾ ਫੁਲਕਾਰੀਆਂ ਦੀ ਤੇ ਨਾ 20-20 ਗਜ਼ ਦੇ ਘੱਗਰੇ ਹੀ ਰਹੇ। ਅੱਜ ਕੱਲ੍ਹ ਮਹਿੰਗੇ ਮੁੱਲ ਦੀਆਂ ਫੁਲਕਾਰੀਆਂ ਸ਼ਰੀਦ ਤਾਂ ਲੈਂਦੇ ਹਾਂ ਪਰ ਇਕ ਵਾਰ ਪੇਟੀ 'ਚ ਰੱਖ ਕੇ ਦੁਬਾਰਾ ਕੱਢ ਕੇ ਲੈਣ ਦਾ ਸਮਾਂ ਨਹੀਂ ਰਹਿੰਦਾ। 'ਪੱਗ ਬੰਨਣ' ਨੂੰ ਸਮੇਂ ਦੀ ਬਰਬਾਦੀ ਦੱਸਿਆ ਜਾਂਦਾ ਹੈ। ਆਪਣੇ ਆਪ ਨੂੰ ਆਧੁਨਿਕ ਕਹਿਣ ਵਾਲੇ ਲੋਕ ਲਈ 'ਚੁੰਨੀ ਲੈਣਾ ' ਅਤੇ 'ਪੰਜਾਬੀ ਪਹਿਰਾਵਾ' ਪਾਉਣਾ 'ਬੈਕਵਰਡ' ਹੈ।

ਪੰਜਾਬਣ ਮੁਟਿਆਰ ਦੇ ਪੈਰਾਂ ਵਿਚਲੀ 'ਜੁੱਤੀ ਕਸੂਰੀ' ਤਾਂ ਸਮੇਂ ਦੇ ਨਾਲ ਚੱਲਣ ਕਰਕੇ ਘਸ ਗਈ ਹੈ ਕਿਉਂਕਿ ਆਧੁਨਿਕ ਜ਼ਮਾਨੇ ਦੇ ਉਖੜੇ ਜਿਹੇ ਰਾਹਾਂ 'ਤੇ ਚਲਦੀ-ਚਲਦੇ ਆਪਣੀ ਪਛਾਣ ਗਵਾ ਬੈਠੀ ਹੈ। ਪੰਜਾਬਣ ਮਾਣ-ਮਰਿਆਦਾ ਨੂੰ ਭੁਲਦੀ ਜਾ ਰਹੀ ਹੈ ਅਤੇ ਪੱਛਮੀ ਸੱਭਿਆਚਾਰ ਦਾ ਰੰਗ ਗੂੜ੍ਹਾ ਹੁੰਦਾ ਜਾ ਰਿਹਾ ਹੈ। ਅਸੀਂ ਅੰਗਰੇਜ਼ੀ ਲੋਕਾਂ ਦੀ ਗ਼ੁਲਾਮੀ ਤੋਂ ਆਜ਼ਾਦ ਹੋਏ ਹਾਂ ਪਰ ਅੰਗਰੇਜ਼ੀ ਸੱਭਿਅਤਾ ਅੱਜ ਵੀ ਗ਼ੁਲਾਮ ਹਾਂ।

ਇਹ ਵੀ ਠੀਕ ਹੈ ਕਿ ਸੱਭਿਅਤਾ ਕਿਸੇ ਵੀ ਦੇਸ਼ ਦੀ ਬੁਰੀ ਨਹੀਂ ਹੁੰਦੀ ਪਰ ਬੁਰੀ ਗੱਲ ਹੈ ਆਪਣੀ ਸੱਭਿਅਤਾ ਨੂੰ ਨਕਾਰ ਕੇ ਦੂਜੀ ਨੂੰ ਅਪਨਾਉਣਾ ਹੈ। ਹਰੇਕ ਦੇਸ਼ ਦੀਆਂ ਚੰਗੀਆਂ ਗੱਲਾਂ ਨੂੰ ਅਪਣਾਓ ਪਰ ਆਪਣਾ ਵਿਰਸਾ ਵੀ ਨਾ ਵਿਸਾਰੋ।

ਜਿਹੜੇ ਲੋਕ ਮਾਂ ਬੋਲੀ ਨੂੰ ਨੀਵੇਂ ਦਰਜੇ ਦਾ ਸਮਝ ਕੇ ਹੋਰ ਭਾਸ਼ਾਵਾਂ ਨੂੰ ਪਹਿਲ ਦੇ ਰਹੇ ਹਨ ਉਹ ਆਉਣ ਵਾਲੀ ਪੀੜ੍ਹੀ ਨੂੰ ਵਿਰਸੇ ਤੋਂ ਦੂਰ ਕਰ ਰਹੇ ਹਨ। ਇਹ ਲੋਕ ਮਾਤ ਭਾਸ਼ਾ ਨੂੰ ਵਿਸਰ-ਵਿਸਾਰ ਕੇ ਖ਼ੁਦ ਹੀ ਉਲਾਂਭਾ ਦੇਣਗੇ ਕਿ ਸਾਡੀ ਔਲਾਦ ਸਾਨੂੰ ਸਮਝਦੀ ਨਹੀਂ। ਸਮਝੇਗੀ ਕਿਵੇਂ ਜਦ ਭਾਵਨਾਵਾਂ ਦੀ ਭਾਸ਼ਾ ਹੀ ਉਨ੍ਹਾਂ ਨੂੰ ਨਹੀਂ ਆਉਂਦੀ ਹੋਵੇਗੀ? ਉਨ੍ਹਾਂ ਕੋਲ ਤਾਂ ਸਿਰਫ਼ ਆਰਥਿਕ ਤੇ ਕੰਮਕਾਜੀ ਭਾਸ਼ਾ ਹੀ ਰਹਿ ਜਾਵੇਗੀ।

ਸਮੇਂ ਦੇ ਨਾਲ ਚਲਣਾ ਬਹੁਤ ਜ਼ਰੂਰੀ ਹੈ ਪਰ ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਤੁਰਦੇ-ਤੁਰਦੇ ਅਸੀਂ ਇੰਨੇ ਵੀ ਅੱਗੇ ਨਾ ਨਿਕਲ ਜਾਈਏ ਕਿ ਕਿੱਧਰੇ ਆਪਣੇ ਵਜੂਦ ਅਤੇ ਜੜ੍ਹਾਂ ਤੋਂ ਟੁੱਟ ਕੇ ਰਸਤਾ ਭਟਕ ਕੇ ਗੁਆਚ ਹੀ ਨਾ ਜਾਈਏ। ਆਪਣੀ ਸੱਭਿਅਤਾ 'ਤੇ ਮਾਣ ਹੋਣਾ ਚਾਹੀਦਾ ਹੈ। ਮੈਂ ਇਹ ਨਹੀਂ ਕਹਾਂਗੀ ਕਿ ਚਾਦਰੇ ਬੰਨ੍ਹ ਕੇ ਜਾ ਘੱਗਰੇ-ਫੁਲਕਾਰੀਆਂ ਪਾ ਕੇ ਹੀ ਤੁਰੇ ਫਿਰੋ, ਕਹਿਣ ਦਾ ਭਾਵ ਹੈ ਕਿ ਆਧੁਨਿਕ ਸਮੇਂ ਦੇ ਹਾਣੀ ਬਣ ਕੇ ਅਸੀਂ ਆਪਣਾ ਵਿਰਸਾ ਵੀ ਦਿਲ 'ਚ ਵਸਾਈ ਰੱਖੀਏ। •

82838-32839

ਕਵਿਤਾਵਾਂ

ਬਸੰਤ

ਰੁੱਤ ਹੈ ਮੋਲੀ ਸਜੱਣਾ
ਜਿਸ ਨੇ ਆਸਾਂ ਨੂੰ ਜਗਾਇਆ।
ਹਰ ਟਾਹਣੀ 'ਤੇ ਹੁਣ
ਬੂਰ ਹੈ ਆਇਆ।
ਪੰਛੀ ਚਹਿਕਣ ਅੰਬਰੀ
ਸਮਾਂ ਸੁਹਾਵਣਾ ਆਇਆ।
ਰੰਗ ਬਿਰੰਗੇ ਫੁੱਲਾਂ ਨੇ
ਫੁਲਵਾੜੀ ਨੂੰ ਮਹਿਕਾਇਆ।
ਬਾਲਾਂ ਤੇ ਗੱਭਰੂਆਂ ਮਿਲ
ਪਤੰਗਾਂ ਨੂੰ ਉਡਾਇਆ।
ਲਾ ਕੇ ਪੇਚੇ ਅਸਮਾਨ 'ਚ
ਸਭ ਨੇ ਦਿਲ ਬਹਿਲਾਇਆ।
ਕਰ ਪੂਜਾ ਸਰਸਵਤੀ ਦੀ
ਕਾਦਰ ਦਾ ਗੁਣਗਾਣ ਗਾਇਆ।
ਰੰਗ ਬਸੰਤੀ ਨੇ ਸੀ ਸਾਨੂੰ
ਦੇਸ਼ ਭਗਤੀ ਦਾ ਰੰਗ ਚੜ੍ਹਾਇਆ।
ਜਾਂਦੀ ਠੰਡ ਵੇਖ ਕੇ
ਗ਼ਰੀਬਾਂ ਨੇ ਸ਼ੁਕਰ ਮਨਾਇਆ।
ਕ੍ਰਿਪਾ ਕਰੀਂ ਦਾਤਿਆ
ਬਸੰਤ ਬਹਾਰ ਲੈ ਕੇ ਆਇਆ।
ਜੀਵਨ ਹੋ ਜਾਵੇ ਰੰਗਲਾ
ਭਾਗਾਂ ਵਾਲ਼ਾ ਦਿਨ ਹੈ ਆਇਆ।
ਹੋਵੇ ਵਿਚ ਨਸੀਬਾਂ ਦੇ ਦਿਨ ਇਹ
'ਫ਼ਕੀਰਾ' ਸੁੱਖਾਂ ਸੰਗ ਜਾਵੇ
ਮਨਾਇਆ।
ਰੁੱਤ ਹੈ ਮੋਲੀ ਸਜੱਣਾ
ਜਿਸ ਨੇ ਆਸਾਂ ਨੂੰ ਜਗਾਇਆ।

• ਵਿਨੋਦ ਫ਼ਕੀਰਾ
98721 97326

ਮੁਹੱਬਤ

ਤੇਰੇ ਨਾਲ ਮੁਹੱਬਤ ਕਿੰਨੀ ਏ
ਤੈਨੂੰ ਕੀ ਸਮਝਾਵਾਂ ਅੜੀਏ ਨੀ
ਕੋਈ ਵਰਕਾ ਇਸ਼ਕ ਮੁਹੱਬਤ ਦਾ
ਅੱਜ 'ਕੱਠਿਆਂ ਹੋ ਕੇ ਪੜ੍ਹੀਏ ਨੀ।

ਤੂੰ ਕਿਸੇ ਸ਼ਾਇਰ ਦੀ ਨਜ਼ਮ ਜਿਹੀ
ਰੂਹਦਾਰੀ ਦੇ ਵਿਚ ਗੰਡੀਏ ਨੀ
ਲਿਖਾਂ ਮੁਹੱਬਤ ਪਾਕ ਤੈਨੂੰ
ਰੱਬ ਦੇ ਘਰ ਦੀਏ ਪਰੀਏ ਨੀ

ਦੋ ਜਿਸਮਾਂ ਇਕ ਜਾਨ ਦੇ ਵਾਂਗੂ
ਹੋ ਜੁਦਾ ਜੁਦਾ ਨਾ ਮਰੀਏ ਨੀ

ਨਾਮ ਖ਼ੁਦਾ ਦੇ ਵਾਂਗੂ ਤੈਨੂੰ
ਵਿਚ ਇਬਾਦਤ ਪੜ੍ਹੀਏ ਨੀ

ਜਿੰਨੀ ਉਮਰ ਹੈ ਬਾਕੀ ਸਾਨੂੰ
ਦਿਲ ਤੇਰੇ ਵਿਚ ਘਰ ਕਰੀਏ ਨੀ
ਸਾਥ ਤੇਰਾ ਮੈਨੂੰ ਸਾਹਾਂ ਦੇ ਵਾਂਗੂ
ਸਾਹਾਂ ਬਿਨਾਂ ਦੱਸ ਕੀ ਕਰੀਏ ਨੀ

• ਗੁਰਮੀਤ ਸਿੰਘ
98727-13109

ਕੁੰਡਲੀ

ਕੀ ਹੈ ਇਹ ਕੁੰਡਲੀ ਰੋਗ
ਪਖੰਡੀ ਬਾਬਿਆਂ ਨੂੰ ਦੇ ਰਹੇ ਹੋ
ਤਰਜੀਹ
ਫਸ ਰਹੇ ਹੋ ਉਨ੍ਹਾਂ ਦੇ ਜਾਲ 'ਚ
ਸੰਵਾਰੋ ਆਪਣੇ ਬੱਚਿਆਂ ਦਾ ਭਵਿੱਖ
ਛੱਡੋ ਕੁੰਡਲੀ ਦਾ ਰੋਗ।

ਕੌਣ ਬਣਾਉਂਦਾ ਸੀ ਕੁੰਡਲੀ
ਤੇਰੇ ਤੇ ਮੇਰੇ ਜ਼ਮਾਨੇ 'ਚ
ਉਦੋਂ ਕਿਤੇ ਚੰਗੇ ਸੀ ਰਿਸ਼ਤੇ
ਨਿਭਦੇ ਸੀ ਸਾਰੇ ਲੋਕ
ਛੱਡੋ ਕੁੰਡਲੀ ਦਾ ਰੋਗ।

ਉਜ ਤਾਂ ਅੱਜ ਦਾ ਜ਼ਮਾਨਾ
ਅਖਵਾ ਰਿਹਾ ਹੈ ਖ਼ੁਦ ਨੂੰ ਆਧੁਨਿਕ
ਪਰ ਫਸੇ ਹੋਏ ਨੇ ਲੋਕ
ਰੂੜੀਵਾਦੀ ਰੁਚੀਆਂ 'ਚ
ਛੱਡੋ ਕੁੰਡਲੀ ਦਾ ਰੋਗ।

ਕੁੰਡਲੀ ਦੇ ਚੱਕਰ 'ਚ
ਪਹਿਲਾਂ ਤਾਂ ਹੁੰਦਾ ਹੈ
ਮੁਸ਼ਕਿਲ ਨਾਲ ਸੰਜੋਗ
ਜੇ ਹੋ ਜਾਂਦਾ ਹੈ ਸੰਜੋਗ
ਤਾਂ ਮਨ ਨਾ ਮਿਲਣ ਦਾ ਹੁੰਦਾ ਹੈ

ਸੰਪਾਦਕੀ

ਭਾਰਤੀ ਕਰੰਸੀ ਦੇ ਚਿੰਨ੍ਹ ਦੀ ਥਾਂ ਤਾਮਿਲ ਸ਼ਬਦ 'ਰੂ' ਵਰਤਣ ਨਾਲ ਦੇਸ਼ ਭਰ 'ਚ ਤੂਫ਼ਾਨ ਹੋਇਆ ਖੜ੍ਹਾ

ਬੀਤੇ ਦਿਨੀਂ ਤਾਮਿਲਨਾਡੂ ਸਰਕਾਰ ਦੇ ਆਪਣੇ ਬਜਟ ਦੇ ਪ੍ਰੋਮੋਸ਼ਨਲ ਲੋਗੋ ਵਿੱਚ ਭਾਰਤੀ ਕਰੰਸੀ ਦੇ ਚਿੰਨ੍ਹ ਦੀ ਥਾਂ ਤਾਮਿਲ ਸ਼ਬਦ 'ਰੂ' ਵਰਤਣ ਨਾਲ ਦੇਸ਼ ਭਰ ਵਿੱਚ ਤੂਫ਼ਾਨ ਖੜ੍ਹਾ ਹੋ ਗਿਆ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਿਹਾ ਕਿ ਰਾਸ਼ਟਰੀ ਕਰੰਸੀ ਲਈ ਤਾਮਿਲ ਸ਼ਬਦ ਵਰਤੇ ਜਾਣ ਦੇ ਪ੍ਰਤੀਕਵਾਦ ਤੋਂ ਵਡੇਰੇ ਅਰਥ ਹਨ ਅਤੇ ਇਹ ਖ਼ਤਰਨਾਕ ਮਨੋਦਸ਼ਾ ਨੂੰ ਦਰਸਾਉਂਦਾ ਹੈ ਜੋ ਭਾਰਤੀ ਏਕਤਾ ਨੂੰ ਕਮਜ਼ੋਰ ਕਰਦਾ ਹੈ ਅਤੇ ਖੇਤਰੀ ਸਵੈਮਾਣ ਦੀ ਆੜ ਵਿੱਚ ਵੱਖਵਾਦੀ ਭਾਵਨਾਵਾਂ ਨੂੰ ਸ਼ਹਿ ਦਿੰਦਾ ਹੈ। ਭਾਜਪਾ ਦੇ ਸੂਬਾਈ ਪ੍ਰਧਾਨ ਕੇ ਅੰਨਾਮਲਾਈ ਨੇ ਇਸ ਕਾਰਵਾਈ ਨੂੰ 'ਮੂਰਖਤਾਪੂਰਨ' ਕਰਾਰ ਦਿੱਤਾ ਕਿਉਂਕਿ ਡੀਐੱਮਕੇ ਨੇ ਜਿਸ ਚਿੰਨ੍ਹ ਨੂੰ ਰੱਦ ਕੀਤਾ ਹੈ, ਉਹ ਆਈਆਈਟੀ-ਗੁਹਾਟੀ ਦੇ ਤਾਮਿਲ ਡਿਜ਼ਾਈਨਰ ਨੇ ਤਿਆਰ ਕੀਤਾ ਸੀ ਜੋ ਡੀਐੱਮਕੇ ਦੇ ਇੱਕ ਸਾਬਕਾ ਵਿਧਾਇਕ ਦਾ ਪੁੱਤਰ ਸੀ। ਰੁਪਏ ਦੀ ਥਾਂ ਤਾਮਿਲ ਵਿੱਚ ਆਮ ਤੌਰ 'ਤੇ 'ਰੂ' ਦੀ ਵਰਤੋਂ ਕੀਤੀ ਜਾਂਦੀ ਹੈ। ਜਾਪਦਾ ਹੈ ਕਿ ਡੀਐੱਮਕੇ ਇਸ ਦੀ ਵਰਤੋਂ ਕਰ ਕੇ ਮੁੱਖ ਮੰਤਰੀ ਐੱਮਕੇ ਸਟਾਲਿਨ ਵੱਲੋਂ ਸੂਬੇ ਵਿੱਚ ਹਿੰਦੀ ਭਾਸ਼ਾ ਠੋਸਣ ਦੀ ਮੁਹਿੰਮ ਦੇ ਤਿੰਨ ਭਾਸ਼ਾਈ ਫਾਰਮੂਲੇ ਦੇ ਮੁੱਦੇ 'ਤੇ ਕੌਮੀ ਸਿੱਖਿਆ ਨੀਤੀ ਦੇ ਵਿਰੋਧ ਨੂੰ ਦਰਸਾਉਣਾ ਚਾਹੁੰਦੀ ਹੈ। ਜੇ ਭਾਜਪਾ ਮੁੱਖ ਮੰਤਰੀ ਸਟਾਲਿਨ 'ਤੇ ਇਹ ਦੋਸ਼ ਲਾਉਂਦੀ ਹੈ ਕਿ ਉਹ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਣੀ ਸਰਕਾਰ ਦੀਆਂ ਕਥਿਤ ਨਾਕਾਮੀਆਂ ਤੋਂ ਧਿਆਨ ਹਟਾਉਣ ਲਈ ਭਾਸ਼ਾਈ ਸ਼ਾਵਨਵਾਦ ਦਾ ਸਹਾਰਾ ਲੈ ਰਹੇ ਹਨ ਤਾਂ ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ ਕਿ ਜਦੋਂ ਦੇਸ਼ ਵਿੱਚ ਹਿੰਦੂ ਸਵੈਮਾਣ ਦੀ ਧੁੰਮ ਮੱਚੀ ਹੋਈ ਹੈ ਤਾਂ ਡੀਐੱਮਕੇ ਆਗੂ ਆਪਣੀ ਪਛਾਣ ਦੇ ਮੁੱਦੇ ਦਾ ਸਹਾਰਾ ਲੈਣ ਵਾਲੇ ਕੋਈ ਇਕਲੌਤੇ ਸਿਆਸਤਦਾਨ ਨਹੀਂ। ਡੀਐੱਮਕੇ ਦੀ ਕਾਰਵਾਈ 'ਤੇ ਪਾਇਆ ਜਾ ਰਿਹਾ ਚੀਕ-ਚਿਹਾੜਾ ਲੋੜੋਂ ਵੱਧ ਅਤੇ ਗਿਣਿਆ ਮਿੱਥਿਆ ਜਾਪਦਾ ਹੈ। ਕੋਈ ਪੁੱਛੇ- ਫ਼ਿਰਕੂ ਗਾਲ਼ੀ-ਗਲੋਚ ਅਤੇ ਨਫ਼ਰਤੀ ਭਾਸ਼ਣਾਂ ਨੂੰ ਭਾਰਤ ਦੀ ਏਕਤਾ ਲਈ ਖ਼ਤਰਾ ਕਦੋਂ ਕਰਾਰ ਦਿੱਤਾ ਜਾਵੇਗਾ ? ਇਹ ਤਾਂ ਸਾਫ਼ ਹੈ ਕਿ ਸਟਾਲਿਨ ਦੂਜੀ ਵਾਰ ਜਿੱਤ ਪੱਕੀ ਕਰਨ ਲਈ ਲੜਾਈ ਦੀ ਤਿਆਰੀ ਕਰ ਰਹੇ ਹਨ। ਤਾਮਿਲਨਾਡੂ ਨੂੰ ਪੰਜ ਸਾਲਾਂ ਬਾਅਦ ਆਪਣੀ ਸਰਕਾਰ ਬਦਲ ਦੇਣ ਦਾ ਸ਼ੌਕ ਹੈ। ਸਿਰਫ਼ ਜੈਲਲਿਤਾ ਨੇ ਹੀ ਇਸ ਇੱਕ ਵਾਰ ਦਾ ਸਰਾਪ ਤੋੜਿ ?ਆ ਸੀ ਜਦੋਂ 2016 ਦੀਆਂ ਚੋਣਾਂ ਵਿੱਚ ਅੰਨਾਡੀਐੱਮਕੇ ਨੇ ਦੂਜੀ ਵਾਰ ਸੱਤਾ ਹਾਸਿਲ ਕੀਤੀ ਸੀ। ਡੀਐੱਮਕੇ ਨੂੰ ਇਸ ਗੱਲ ਦੀ ਘਬਰਾਹਟ ਹੋ ਰਹੀ ਹੋਵੇਗੀ ਕਿ ਅਦਾਕਾਰ ਵਿਜੈ ਦੀ ਅਗਵਾਈ ਵਾਲੀ ਤਾਮਿਲਾਗਾ ਵੈਤਰੀ ਕੜਗਮ ਪੁਰਾਣੀਆਂ ਸਫ਼ਾਂ ਵਿੱਚ ਨਵੇਂ ਤੱਤ ਲੈ ਕੇ ਆ ਰਹੀ ਹੈ। ਭਾਜਪਾ ਜਾਂ ਹੋਰ ਕਿਸੇ ਵਿਰੋਧੀ ਪਾਰਟੀ ਨੂੰ ਏਜੰਡਾ ਸੈੱਟ ਕਰਦਿਆਂ ਦੇਖਣ ਦੀ ਉਡੀਕ ਕਰਨ ਦੀ ਬਜਾਇ ਡੀਐੱਮਕੇ ਨੇ ਆਪਣੇ ਅਸਲੇਖ਼ਾਨੇ ਵਿੱਚ ਪਹੁੰਚ ਕੇ ਭਾਸ਼ਾ ਅਤੇ ਹੱਦਬੰਦੀ ਦੇ ਹਥਿਆਰ ਕੱਢ ਲਿਆਂਦੇ ਹਨ। ਇਸ ਵਕਤ ਸੂਬੇ ਦੇ ਹਰ ਗਲੀ ਕੋਨੇ ਵਿੱਚ ਮੋੜੀ ਪ੍ਰਚਨਈ (ਭਾਸ਼ਾ ਦਾ ਮੁੱਦਾ), ਥੋਗੁਥੀ ਪ੍ਰਚਨਈ (ਹੱਦਬੰਦੀ ਦਾ ਮੁੱਦਾ) ਦੀ ਚਰਚਾ ਹੋ ਰਹੀ ਹੈ। ਚੋਣਾਂ ਅਜੇ ਦੂਰ ਹਨ ਪਰ ਇਸ ਤੋਂ ਕਾਫ਼ੀ ਚਿਰ ਪਹਿਲਾਂ ਹੀ ਲਾਮਬੰਦੀ ਹੋ ਗਈ ਹੈ ਹਾਲਾਂਕਿ ਇਨ੍ਹਾਂ ਮੁੱਦਿਆਂ ਨੂੰ ਇੱਕ ਸਾਲ ਤੱਕ ਮਘਦਾ ਰੱਖਣਾ ਕੋਈ ਸੌਖਾ ਕੰਮ ਨਹੀਂ ਹੋਵੇਗਾ। ਵਿਰੋਧੀ ਧਿਰ ਅੰਨਾਡੀਐੱਮਕੇ ਅਤੇ ਵਿਜੈ ਕੋਲ ਇਸ ਮੁੱਦੇ 'ਤੇ ਡੀਐੱਮਕੇ ਦੀ ਹਮਾਇਤ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਜੇ ਸਿਤਾਰੇ ਠੀਕ ਰਹੇ ਤਾਂ ਅੰਨਾਡੀਐੱਮਕੇ ਚੋਣਾਂ ਲਈ ਭਾਜਪਾ ਨਾਲ ਹੱਥ ਮਿਲਾ ਸਕਦੀ ਹੈ, ਇਹ ਦਾਅਵਾ ਕਰਦੀ ਹੈ ਕਿ 2020 ਵਿੱਚ ਜਦੋਂ ਉਹ ਸੱਤਾ ਵਿੱਚ ਸੀ ਤਾਂ ਨਵੀਂ ਸਿੱਖਿਆ ਨੀਤੀ ਦਾ ਵਿਰੋਧ ਕਰਨ ਵਾਲੀ ਇਕਲੌਤੀ ਪਾਰਟੀ ਸੀ। ਤਾਮਿਲਨਾਡੂ ਵਿੱਚ ਹਿੰਦੀ ਦੇ ਸਿਆਸੀ ਵਿਰੋਧ ਦਾ ਕਰੀਬ 100 ਸਾਲ ਪੁਰਾਣਾ ਇਤਿਹਾਸ ਪੂਰੀ ਦੁਨੀਆ ਜਾਣਦੀ ਹੈ। ਇਹ ਭੇਤ ਅਜੇ ਬਣਿਆ ਹੋਇਆ ਹੈ ਕਿ ਭਾਜਪਾ ਨੇ ਰਾਜ ਸਰਕਾਰ 'ਤੇ ਕੇਂਦਰੀ ਸਿੱਖਿਆ ਫੰਡ ਲੈਣ ਲਈ ਤਿੰਨ ਭਾਸ਼ਾਈ ਫਾਰਮੂਲੇ ਨੂੰ ਪ੍ਰਵਾਨ ਕਰਨ ਦੀ ਸ਼ਰਤ ਲਾ ਕੇ ਚਿਰਾਂ ਤੋਂ ਦੱਬੇ ਪਏ ਇਸ ਮੁੱਦੇ ਨੂੰ ਚੁਆਤੀ ਕਿਉਂ ਲਗਾਈ ਹੈ। ਜਿੱਥੋਂ ਤੱਕ ਭਾਜਪਾ ਦਾ ਸਵਾਲ ਹੈ, ਇਸ ਨੇ ਬਸਤੀਵਾਦ ਦੇ ਨਾਂ ਹੇਠ ਭਾਰਤੀ ਦੰਡ ਵਿਧਾਨ ਅਤੇ ਫ਼ੌਜਦਾਰੀ ਸੰਹਿਤਾ ਨੂੰ ਹਿੰਦੀ ਰੂਪ ਦੇ ਕੇ ਭਾਰਤ ਦੇ ਹਿੰਦੀਕਰਨ ਲਈ ਆਪਣੀ ਖਾਹਿਸ਼ ਦੇ ਕਈ ਸੰਕੇਤ ਦੇ ਦਿੱਤੇ ਹਨ ਪਰ ਵਿਰੋਧਾਭਾਸ ਇਹ ਹੈ ਕਿ ਜੇ ਹੁਣ ਇਹ ਇਸ ਤੋਂ ਪਿਛਾਂਹ ਹਟਦੀ ਹੈ ਤਾਂ ਇਸ ਨੂੰ ਸਿਆਸੀ ਕਮਜ਼ੋਰੀ ਗਿਣਿਆ ਜਾਵੇਗਾ। ਇਹ ਗੱਲ ਸਹੀ ਹੈ ਕਿ ਨਵੀਂ ਸਿੱਖਿਆ ਨੀਤੀ ਵਿੱਚ ਇਹ ਗੱਲ ਦਰਜ ਨਹੀਂ ਕਿ ਤੀਜੀ ਭਾਸ਼ਾ ਹਿੰਦੀ ਹੋਵੇਗੀ ਪਰ ਵਿਹਾਰਕ ਤੌਰ 'ਤੇ ਇਹ ਸਾਫ਼ ਹੈ ਕਿ ਇਹ ਹਿੰਦੀ ਹੀ ਹੋਵੇਗੀ। ਸੂਬਾਈ ਸਕੂਲਾਂ ਲਈ ਤੀਜੀ ਭਾਸ਼ਾਵਾਂ ਲਈ ਅਧਿਆਪਕ ਭਰਤੀ ਕਰਨ ਵਿੱਚ ਵਿੱਤੀ ਅਤੇ ਅਸਬਾਬੀ ਤੌਰ 'ਤੇ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ। ਰਾਜਾਂ ਵਿੱਚ ਹਿੰਦੀ ਦੀ ਪੜ੍ਹਾਈ ਤੋਂ ਬਿਨਾਂ ਹੋਰ ਕੋਈ ਰਾਹ ਹੀ ਨਹੀਂ ਹੋਵੇਗਾ ਅਤੇ ਸਿਤਮਜ਼ਰੀਫ਼ੀ ਇਹ ਹੈ ਕਿ ਤਾਮਿਲਨਾਡੂ ਵਿੱਚ ਮਲਿਆਲਮ ਜਾਂ ਕੰਨੜ ਜਾਂ ਫਿਰ ਤੇਲਗੂ ਦੀ ਬਜਾਇ ਹਿੰਦੀ ਅਧਿਆਪਕਾਂ ਦੀ ਤਲਾਸ਼ ਅਤੇ ਭਰਤੀ ਕਿਤੇ ਵੱਧ ਸੌਖੀ ਹੋ ਸਕਦੀ ਹੈ। ਇਸ ਲਈ ਆਂਧਰਾ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਪਵਨ ਕਲਿਆਣ ਗ਼ਲਤ ਸਵਾਲ ਪੁੱਛ ਰਹੇ ਹਨ। ਦੱਖਣ 'ਚ ਹਿੰਦੀ ਤੇ ਹਿੰਦੂਤਵ ਦਾ ਬਿਲਕੁਲ ਨਵਾਂ ਰਾਜਦੂਤ, ਡੀਐੱਮਕੇ 'ਤੇ 'ਦੋਗਲੇਪਨ' ਦਾ ਇਲਜ਼ਾਮ ਲਾਉਂਦਿਆਂ ਪੁੱਛਦਾ ਹੈ, ਵਿੱਤੀ ਲਾਭਾਂ ਲਈ ਉਹ ਤਾਮਿਲ ਫਿਲਮਾਂ ਨੂੰ ਹਿੰਦੀ ਵਿੱਚ ਕਿਉਂ ਡੱਬ ਕਰਦੇ ਹਨ ? ਸੰਖੇਪ ਜਵਾਬ ਇਹ ਹੈ ਕਿ ਤਾਮਿਲਨਾਡੂ ਹਿੰਦੀ ਦੇ ਖ਼ਿਲਾਫ਼ ਨਹੀਂ, ਵਿਰੋਧ ਹਿੰਦੀ ਨੂੰ ਥੋਪੇ ਜਾਣ ਦਾ ਹੈ। ਹੈਰਾਨੀਜਨਕ ਲੱਗ ਸਕਦਾ ਹੈ, ਪਰ ਤਾਮਿਲਨਾਡੂ ਵਿੱਚ ਲੱਖਾਂ ਲੋਕ ਮਰਜ਼ੀ ਨਾਲ ਹਿੰਦੀ ਸਿੱਖਦੇ ਹਨ। ਕੋਈ ਸਿਆਸੀ ਪਾਰਟੀ ਜਾਂ ਆਗੂ ਉਨ੍ਹਾਂ ਨੂੰ ਰੋਕ ਨਹੀਂ ਰਿਹਾ। ਸਿੱਕੇ ਦਾ ਦੂਜਾ ਪਹਿਲੂ ਇਹ ਹੈ ਕਿ ਰੁਜ਼ਗਾਰ ਦੀ ਭਾਲ 'ਚ ਲੱਖਾਂ ਉੱਤਰ ਭਾਰਤੀ ਲੋਕ ਤਾਮਿਲਨਾਡੂ ਜਾਂਦੇ ਹਨ ਜਿਨ੍ਹਾਂ ਨੂੰ ਹਿੰਦੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਨਹੀਂ ਆਉਂਦੀ। ਇਹ ਭੁੱਲ ਕੇ ਕਿ ਤਿੰਨ ਭਾਸ਼ਾਈ ਫਾਰਮੂਲੇ ਤਹਿਤ ਉਨ੍ਹਾਂ ਉੱਤਰ ਪ੍ਰਦੇਸ਼ ਜਾਂ ਬਿਹਾਰ 'ਚ ਆਪਣੇ ਸਕੂਲਾਂ 'ਚ ਤਾਮਿਲ ਨਹੀਂ ਸਿੱਖੀ, ਉਨ੍ਹਾਂ ਨੂੰ ਤਾਮਿਲਨਾਡੂ ਵਿੱਚ ਰੁਜ਼ਗਾਰ ਲੱਭਣ ਲਈ ਤਾਮਿਲ ਸਿੱਖਣ ਲਈ ਮਜਬੂਰ ਨਹੀਂ ਕੀਤਾ ਜਾ ਰਿਹਾ। ਨਾ ਹੀ ਰਾਜ ਵਿੱਚ ਹਿੰਦੀ ਬੋਲਣ ਖ਼ਿਲਾਫ਼ ਕੋਈ ਆਦੇਸ਼ ਜਾਰੀ ਕੀਤਾ ਹੋਇਆ ਹੈ। ਕੁਝ ਲੋਕ ਗੁਜ਼ਾਰੇ ਲਈ ਥੋੜ੍ਹੀ ਬਹੁਤ ਤਾਮਿਲ ਸਿੱਖਦੇ ਹਨ। ਉਨ੍ਹਾਂ ਦੇ ਤਾਮਿਲ ਰੁਜ਼ਗਾਰਦਾਤਾ ਜਾਂ ਕੰਮ ਦੇ ਸਹਿਯੋਗੀ ਜਾਂ ਗਾਹਕ, ਜਿੰਨੀ ਕੁ ਵੀ ਉਨ੍ਹਾਂ ਨੂੰ ਹਿੰਦੀ ਆਉਂਦੀ ਹੈ, ਉਸ ਨਾਲ ਗੱਲਬਾਤ ਦੇ ਖੱਪੇ ਨੂੰ ਪੂਰਨ ਦਾ ਯਤਨ ਕਰ ਸਕਦੇ ਹਨ। ਚੇਨਈ ਦੇ ਕਿਸੇ ਵੀ ਰੈਸਤਰਾਂ 'ਚ ਜਾਣਾ ਸਿੱਖਿਆਦਾਇਕ ਹੋਵੇਗਾ- ਇੱਕ ਉੱਤਰ ਭਾਰਤੀ ਵੇਟਰ ਤੇ ਇੱਕ ਤਾਮਿਲ ਗਾਹਕ ਇੱਕ-ਦੂਜੇ ਦੀ ਭਾਸ਼ਾ 'ਚ ਗੱਲਬਾਤ ਕਰਦਿਆਂ ਇਹ ਯਕੀਨੀ ਬਣਾ ਰਹੇ ਹਨ ਕਿ ਖਾਣੇ ਦਾ ਆਰਡਰ ਕਿਤੇ ਤਰਜਮੇ 'ਚ ਹੀ ਨਾ ਗੁਆਚ ਜਾਵੇ। ਇਹ ਸ਼ਾਇਦ ਬਿਲਕੁਲ ਢੁੱਕਵੀਂ ਜੁਗਲਬੰਦੀ ਨਾ ਹੋਵੇ, ਪਰ ਕੰਮ ਸਰ ਜਾਂਦਾ ਹੈ। ਇਸੇ ਸ਼ੈਲੀ 'ਚ ਹਿੰਦੀ ਤੇ ਤਾਮਿਲ ਫ਼ਿਲਮ ਉਦਯੋਗ ਦਰਮਿਆਨ ਕਈ ਚਿਰਾਂ ਤੋਂ ਪੈ ਰਹੀ ਸਾਂਝ ਕੋਈ ਦੋਗ਼ਲਾਪਨ ਨਹੀਂ ਹੈ ਜਿਵੇਂ ਕਲਿਆਣ ਇਸ ਦੀ ਵਿਆਖਿਆ ਕਰ ਰਿਹਾ ਹੈ, ਪਰ ਆਰਥਿਕ ਜਾਂ ਸਮਾਜਿਕ ਕਾਰਨਾਂ ਕਰ ਕੇ ਲੋਕਾਂ ਦੇ ਸੁਭਾਵਿਕ, ਮਰਜ਼ੀ ਨਾਲ ਇਕੱਠੇ ਹੋਣ ਦੀ ਮਿਸਾਲ ਹੈ। ਕਿਸੇ ਭਾਸ਼ਾ ਨੂੰ ਪਿਛਲੇ ਦਰਵਾਜ਼ਿਓਂ ਜਾਂ ਕਿਸੇ ਹੋਰ ਤਰੀਕੇ ਨਾਲ ਥੋਪਣਾ ਅਖ਼ੀਰ 'ਚ ਕਦੇ ਵੀ ਚੰਗਾ ਸਾਬਿਤ ਨਹੀਂ ਹੋਇਆ। ਜੇਕਰ ਅਤੀਤ 'ਚ ਹੋਏ ਤਾਮਿਲਨਾਡੂ ਦੇ ਹਿੰਦੀ ਵਿਰੋਧੀ ਅੰਦੋਲਨ ਕੋਈ ਸਬਕ ਨਹੀਂ ਦਿੰਦੇ ਤਾਂ ਭਾਰਤ ਦਾ ਗੁਆਂਢ ਵੱਧ ਪ੍ਰਤੱਖ ਪਾਠ ਪੜ੍ਹਾਉਂਦਾ ਹੈ ਕਿ ਕਿਵੇਂ ਭਾਸ਼ਾ ਰਾਹੀਂ ਕੌਮੀ ਏਕੇ ਦੀ ਸਿਆਸਤ ਕਰਨੀ ਪੁੱਠੀ ਪੈ ਸਕਦੀ ਹੈ। ਉਰਦੂ ਨੂੰ ਕੌਮੀ ਭਾਸ਼ਾ ਐਲਾਨਣ ਦੇ ਦਿਨ ਹੀ ਪਾਕਿਸਤਾਨ ਨੂੰ ਆਪਣਾ ਪੂਰਬੀ ਹਿੱਸਾ ਗੁਆਉਣਾ ਪੈ ਗਿਆ ਸੀ। ਉਰਦੂ ਵਿਰੁੱਧ ਸ਼ੁਰੂ ਹੋਈ ਮੁਹਿੰਮ 1971 ਵਿੱਚ ਦੇਸ਼ ਦੀ ਵੰਡ ਦੇ ਨਾਲ ਮੁੱਕੀ ਜਿਸ 'ਚ ਆਖ਼ਿਰੀ ਹੱਲਾ ਭਾਰਤ ਨੇ ਬੋਲਿਆ। 'ਸਿਰਫ਼ ਸਿੰਹਲਾ' ਭਾਸ਼ਾ ਨਾਲ ਜੁੜਿ ?ਆ ਕਾਨੂੰਨ ਸਿੰਹਲੀਆਂ ਤੇ ਤਾਮਿਲਾਂ ਵਿਚਾਲੇ ਟਕਰਾਅ ਦਾ ਸਿਖ਼ਰ ਸੀ ਜਿਸ ਨੇ 30 ਸਾਲ ਚੱਲੀ ਖਾਨਾਜੰਗੀ ਨੂੰ ਜਨਮ ਦਿੱਤਾ।

ਖ਼ਾਲਸਾ ਕਾਲਜ ਦਾ ਐੱਮ.ਕਾਮ. ਅਤੇ ਐੱਮ.ਐੱਸ.ਸੀ. ਕਮਿਸਟਰੀ ਪਹਿਲੇ ਸਮੈਸਟਰ ਦੇ ਨਤੀਜੇ ਸ਼ਾਨਦਾਰ ਰਹੇ

ਗੜ੍ਹਸ਼ੰਕਰ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਚੱਲ ਰਹੇ ਪੋਸਟ ਗ੍ਰੈਜੂਏਟ ਕੋਰਸ ਐੱਮ.ਕਾਮ. ਪਹਿਲਾ ਸਮੈਸਟਰ ਅਤੇ ਐੱਮ.ਐੱਸ.ਸੀ. ਕਮਿਸਟਰੀ ਪਹਿਲਾ ਸਮੈਸਟਰ ਦੇ ਨਤੀਜੇ ਸ਼ਾਨਦਾਰ ਰਹੇ ਹਨ।

ਕਾਮਰਸ ਵਿਭਾਗ ਮੁਖੀ ਪ੍ਰੋ. ਕੰਵਰ ਕੁਲਵੰਤ ਸਿੰਘ ਨੇ ਦੱਸਿਆ ਕਿ ਐੱਮ.ਕਾਮ. ਪਹਿਲੇ ਸਮੈਸਟਰ ਦੇ ਨਤੀਜੇ ਵਿਚ ਵਿਦਿਆਰਥਣ ਲਵਪ੍ਰੀਤ ਨੇ 83 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਦੀਆ ਚੌਧਰੀ ਨੇ 81.57 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਅਤੇ ਅਰਹਮ ਜੈਨ ਨੇ 77 ਫੀਸਦੀ ਅੰਕ ਲੈ ਕੇ ਕਲਾਸ ਵਿਚ ਤੀਜਾ ਸਥਾਨ ਹਾਸਿਲ ਕੀਤਾ ਹੈ।

ਕਮਿਸਟਰੀ ਵਿਭਾਗ ਦੇ ਮੁਖੀ ਡਾ. ਮੁਕੇਸ਼ ਸ਼ਰਮਾ ਨੇ ਦੱਸਿਆ ਕਿ ਐੱਮ.ਐੱਸ.ਸੀ. ਕਮਿਸਟਰੀ ਪਹਿਲੇ ਸਮੈਸਟਰ ਦੇ ਨਤੀਜੇ ਵਿਚ ਵਿਦਿਆਰਥਣ ਅੰਜਲੀ ਨੇ 64.6 ਫੀਸਦੀ ਅੰਕ ਲੈ ਕੇ ਕਾਲਜ ਵਿਚੋਂ ਪਹਿਲਾ ਸਥਨ, ਜੈਸਮੀਨ ਨੇ 63.4 ਫੀਸਦੀ ਅੰਕ ਲੈ ਕੇ ਦੂਜਾ ਅਤੇ ਵਿਦਿਆਰਥਣ ਰੂਮਾ ਕੁਮਾਰੀ ਨੇ 61.2 ਫੀਸਦੀ ਅੰਕ ਲੈ ਕੇ ਕਲਾਸ ਵਿਚੋਂ ਤੀਜਾ ਸਥਾਨ ਹਾਸਿਲ ਕੀਤਾ ਹੈ।

ਪਿਸੀਪਲ ਡਾ. ਅਮਨਦੀਪ ਹੀਰਾ ਨੇ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਨਾਟਕ ਮਿੱਟੀ ਰੁਦਨ ਕਰੇ ਰਾਹੀਂ ਪਬਲਿਕ ਨੂੰ ਜਾਗਰੂਕ ਕਰਨਾ ਸ਼ਲਾਘਾਯੋਗ : ਵਰਿੰਦਰ ਟਿਵਾਣਾ, ਮਨਤੇਜ ਚੀਮਾ

ਪਟਿਆਲਾ, 24 ਮਾਰਚ
-ਅਮਰਜੀਤ ਸਿਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਲੋ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਅਤੇ ਯੁਵਕ ਸੇਵਾਵਾਂ ਵਿਭਾਗ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਯੁੱਧ ਨਸ਼ਿਆਂ ਵਿਰੁੱਧ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਅਤੇ ਨਸ਼ਿਆਂ ਵਿਰੁੱਧ ਨਾਟਕ ਮਿੱਟੀ ਰੁਦਨ ਕਰੇ ਦਾ ਆਯੋਜਨ ਕੀਤਾ ਗਿਆ,

ਜਿਸ ਵਿਚ ਮੁੱਖ ਮਹਿਮਾਨ ਵਰਿੰਦਰ ਸਿੰਘ ਟਿਵਾਣਾ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਸ੍ਰੀ ਫ਼ਤਹਿਗੜ੍ਹ ਸਾਹਿਬ ਅਤੇ ਮਨਤੇਜ ਸਿੰਘ ਚੀਮਾ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਸ੍ਰੀ ਫ਼ਤਹਿਗੜ੍ਹ ਸਾਹਿਬ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪੰਜਾਬ ਪੁਲਿਸ, ਮੈਂਬਰ ਯੁਵਾ ਸਾਂਝ ਕਮੇਟੀ ਪੰਜਾਬ ਪੁਲਿਸ , ਮੈਂਬਰ ਵੂਮੈਨ ਕੋਸਲਿੰਗ ਸੈਲ ਪੰਜਾਬ ਪੁਲਿਸ ਨੇ ਕੀਤੀ, ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ,

ਵਿਸ਼ੇਸ਼ ਤੌਰ ਤੇ ਰਾਹੁਲਦੀਪ ਸਿੰਘ ਜ਼ਿਲ੍ਹਾ ਖੇਡ ਅਫ਼ਸਰ ਸ੍ਰੀ ਫ਼ਤਹਿਗੜ੍ਹ ਸਾਹਿਬ, ਗੁਰਵਿੰਦਰ ਸਿੰਘ ਸੋਹੀ, ਯੂਥ ਆਗੂ ਰੁਦਰਪ੍ਰਤਾਪ ਸਿੰਘ, ਲੱਕੀ ਹਰਦਾਸਪੁਰ , ਹਰਮਨਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ, ਇਸ ਮੌਕੇ ਸਤਿਕਾਰ ਰੰਗ ਮੰਚ ਮੋਹਾਲੀ ਵ

ਟੇਲਾਂ ਤੱਕ ਪਾਣੀ ਪਹੁੰਚਾਉਣਾ ਯਕੀਨੀ ਬਣਾਉਣ ਲਈ ਨਹਿਰੀ ਪਾਣੀ ਦੀ ਵੰਡ ਤਰਕਸੰਗਤ ਕਰ ਰਹੇ ਹਾਂ: ਬਰਿੰਦਰ ਕੁਮਾਰ ਗੋਇਲ

ਚੰਡੀਗੜ੍ਹ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਟੇਲਾਂ ਤੱਕ ਪਾਣੀ ਪਹੁੰਚਾਉਣਾ ਯਕੀਨੀ ਬਣਾਉਣ ਅਤੇ ਘੱਟ ਨਹਿਰੀ ਪਾਣੀ ਪ੍ਰਾਪਤ ਕਰ ਰਹੇ ਜ਼ਿਲ੍ਹਿਆਂ ਵਿੱਚ ਨਹਿਰੀ ਪਾਣੀ ਦੀ ਵੰਡ ਤਰਕਸੰਗਤ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਕਈ ਜ਼ਿਲ੍ਹਿਆਂ ਵਿੱਚ ਜਲ ਭੱਤਾ (ਇੱਕ ਹਜ਼ਾਰ ਏਕੜ ਰਕਬੇ ਪਿੱਛੇ ਮਿਲਣ ਵਾਲਾ ਨਹਿਰੀ ਪਾਣੀ) 50 ਫ਼ੀਸਦੀ ਤੱਕ ਵਧਾ ਕੇ ਦੋ ਕਿਊਸਿਕ ਤੋਂ ਤਿੰਨ ਕਿਊਸਿਕ ਕੀਤਾ ਗਿਆ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜਿੱਥੇ ਵੱਧ ਮਾਤਰਾ ਵਿੱਚ ਧਰਤੀ ਹੇਠਲਾ ਪਾਣੀ ਕੱਢਿਆ ਜਾਂਦਾ ਹੈ, ਉਥੇ ਤਰਜੀਹੀ ਆਧਾਰ 'ਤੇ ਨਹਿਰੀ ਪਾਣੀ ਦਿੱਤਾ ਜਾਵੇ।

ਧਰਮਕੋਟ ਤੋਂ ਵਿਧਾਇਕ ਸ. ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਉਨ੍ਹਾਂ ਦੇ ਹਲਕੇ ਵਿੱਚ ਨਹਿਰੀ ਪਾਣੀ ਪਹੁੰਚਾਉਣ ਅਤੇ ਖਾਲਾਂ ਬਣਾਉਣ ਸਬੰਧੀ ਵੇਰਵਿਆਂ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕੈਬਿਨਟ ਮੰਤਰੀ ਨੇ ਕਿਹਾ ਕਿ ਕਈ ਜ਼ਿਲ੍ਹਿਆਂ ਵਿੱਚ ਜਲ ਭੱਤਾ 6 ਤੋਂ 8 ਕਿਊਸਿਕ ਹੈ ਜਦਕਿ ਸੰਗਰੂਰ, ਬਰਨਾਲਾ, ਪਟਿਆਲਾ ਅਤੇ ਮਾਨਸਾ ਜਿਹੇ ਜ਼ਿਲ੍ਹਿਆਂ ਵਿੱਚ ਜਲ ਭੱਤਾ ਸਿਰਫ਼ ਦੋ ਕਿਊਸਿਕ ਹੈ। ਇਸੇ ਕਰਕੇ ਇਨ੍ਹਾਂ ਜ਼ਿਲ੍ਹਿਆਂ ਵਿੱਚ ਧਰਤੀ ਹੇਠਲਾ ਪਾਣੀ ਜ਼ਿਆਦਾ ਮਾਤਰਾ ਵਿੱਚ ਕੱਢਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਮੱਦੇਨਜ਼ਰ ਜ਼ਿਆਦਾ ਪਾਣੀ ਕੱਢਣ ਵਾਲੇ ਜ਼ਿਲ੍ਹਿਆਂ ਵਿੱਚ ਤਰਜੀਹੀ ਆਧਾਰ 'ਤੇ ਕੰਮ ਕੀਤੇ ਜਾ ਰਹੇ ਹਨ। ਅਜਿਹੇ ਜ਼ਿਲ੍ਹਿਆਂ ਵਿੱਚ ਵੱਧ ਖਾਲਿਆਂ ਦੀ ਜ਼ਰੂਰਤ ਦੇ ਮੱਦੇਨਜ਼ਰ ਪਹਿਲ ਦੇ ਆਧਾਰ 'ਤੇ ਫ਼ੰਡ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਜਲ ਭੱਤੇ ਦੀ ਤਰਕਸੰਗਤ ਵੰਡ ਯਕੀਨੀ ਬਣਾ ਰਹੀ ਹੈ।

ਵਿਧਾਇਕ ਸ. ਢੋਸ ਦੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਦੱਸਿਆ ਕਿ ਹਲਕਾ ਧਰਮਕੋਟ ਵਿੱਚ ਕੁੱਲ ਅੱਠ ਨਹਿਰਾਂ ਹਨ, ਜਿਨ੍ਹਾਂ ਵਿੱਚੋਂ ਛੇ ਨਹਿਰਾਂ ਦਾ ਕੰਮ 58 ਕਰੋੜ 30 ਲੱਖ 63 ਹਜ਼ਾਰ ਰੁਪਏ ਦੀ ਲਾਗਤ ਨਾਲ ਪੂਰਾ ਹੋ ਚੁੱਕਾ ਹੈ ਜਿਸ ਨਾਲ 70 ਹਜ਼ਾਰ ਏਕੜ ਜ਼ਮੀਨ ਨੂੰ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਹਲਕਾ ਧਰਮਕੋਟ ਵਿੱਚ 2 ਕਰੋੜ 80 ਲੱਖ ਰੁਪਏ ਦੀ ਲਾਗਤ ਨਾਲ 14 ਕਿਲੋਮੀਟਰ ਖਾਲ ਨਵੇਂ ਬਣਾਏ ਗਏ। ਉਨ੍ਹਾਂ ਦੱਸਿਆ ਕਿ ਸੂਬੇ ਭਰ ਵਿੱਚ ਕੁੱਲ ਖਾਲਿਆਂ ਲਈ 17 ਹਜ਼ਾਰ ਕਰੋੜ ਰੁਪਏ ਲੋੜੀਂਦੇ ਹਨ ਅਤੇ ਉਪਲਬਧ ਫ਼ੰਡਾਂ

ਦੇ ਅਨੁਪਾਤ ਮੁਤਾਬਕ ਹੀ ਧਰਮਕੋਟ ਹਲਕੇ ਨੂੰ ਵੀ ਫ਼ੰਡ ਮੁਹੱਈਆ ਕਰਵਾਏ ਜਾਣਗੇ।

ਕੈਬਿਨਟ ਮੰਤਰੀ ਨੇ ਦੱਸਿਆ ਕਿ ਹਲਕਾ ਧਰਮਕੋਟ ਵਿੱਚ ਨਹਿਰੀ ਪਾਣੀ ਨੂੰ ਖੇਤਾਂ ਤੱਕ ਪਹੁੰਚਾਉਣ ਲਈ ਪਿਛਲੇ ਦੋ ਸਾਲਾਂ ਵਿੱਚ 58.30 ਕਰੋੜ ਰੁਪਏ ਦੀ ਲਾਗਤ ਨਾਲ ਅਹਿਮ 6 ਪ੍ਰਾਜੈਕਟਾਂ ਦਾ ਕੰਮ ਮੁਕੰਮਲ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਸਿੱਧਵਾਂ ਬ੍ਰਾਂਚ, ਕਿਸ਼ਨਪੁਰਾ ਰਜਬਾਹਾ, ਧਰਮਕੋਟ ਰਜਬਾਹਾ, 5-ਆਰ ਰਜਬਾਹਾ ਸਿਸਟਮ, ਕਿੰਗਵਾਹ ਰਜਬਾਹਾ, 6-ਆਰ ਰਜਬਾਹਾ ਅਤੇ 4 ਨੰਬਰ ਮਾਈਨਰ (ਰੇਡਵਾ, ਹਸ਼ਮਤਵਾਹ, ਖੰਨਾ ਅਤੇ ਨੱਥੂਵਾਹ ਮਾਈਨਰ) ਦੀ ਕੰਕਰੀਟ ਲਾਈਨਿੰਗ ਦਾ ਕੰਮ ਪ੍ਰਮੁੱਖ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਪ੍ਰਾਜੈਕਟਾਂ ਨਾਲ 11772 ਹੈਕਟੇਅਰ ਵਾਧੂ ਰਕਬੇ ਨੂੰ ਨਹਿਰੀ ਸਿੰਜਾਈ ਅਧੀਨ ਲਿਆਂਦਾ ਗਿਆ ਹੈ ਅਤੇ 17516 ਹੈਕਟੇਅਰ ਖੇਤੀਯੋਗ ਖੇਤਰ (ਸੀ.ਸੀ.ਏ.) ਨੂੰ ਮੁੜ ਸੁਰਜੀਤ ਕੀਤਾ ਗਿਆ ਹੈ ਜਿਸ ਦੇ ਨਤੀਜੇ ਵਜੋਂ ਵਿਧਾਨ ਸਭਾ ਹਲਕਾ ਧਰਮਕੋਟ ਦੇ ਵੱਖ-ਵੱਖ ਪਿੰਡ ਜਿਵੇਂ ਕਿਸ਼ਨਪੁਰਾ, ਇੰਦਰਗੜ੍ਹ, ਲੋਹਗੜ੍ਹ, ਧਰਮਕੋਟ, ਰੇਡਵਾਂ, ਪੰਡੋਰੀ ਅਰਾਈਆਂ, ਬੱਡੂਵਾਲ, ਮੂਸੇਵਾਲ ਆਦਿ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਦੀਆਂ ਬਿਹਤਰ ਸਹੂਲਤਾਂ ਮਿਲ ਰਹੀਆਂ ਹਨ। ਇਨ੍ਹਾਂ ਨਹਿਰਾਂ, ਰਜਬਾਹਿਆਂ/ਮਾਈਨਰਾਂ ਦੀ ਕੰਕਰੀਟ ਲਾਈਨਿੰਗ ਹੋਣ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਨਹਿਰੀ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ ਜਿਸ ਦੇ ਫਲਸਰੂਪ ਭਵਿੱਖ ਵਿੱਚ ਕਿਸਾਨਾਂ ਦੀ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਘਟੇਗੀ।

ਅਗਲੇ ਮਾਨਸੂਨ ਤੋਂ ਪਹਿਲਾਂ-ਪਹਿਲਾਂ ਸੇਮ ਨਾਲਿਆਂ ਦੀ ਸਫ਼ਾਈ ਦਾ ਕੰਮ ਕਰਾਂਗੇ ਮੁਕੰਮਲ

ਇਸੇ ਤਰ੍ਹਾਂ ਗਿੱਦੜਬਾਹਾ ਤੋਂ ਵਿਧਾਇਕ ਸ. ਹਰਦੀਪ ਸਿੰਘ ਡਿੰਪੀ ਢਿੱਲੋਂ ਵੱਲੋਂ ਸੇਮ ਨਾਲਿਆਂ ਦੀ ਸਫ਼ਾਈ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਪਹਿਲਾਂ ਹੀ ਸੇਮ ਨਾਲਿਆਂ ਦੀ ਸਫ਼ਾਈ ਸੁਚੱਜੇ ਢੰਗ ਨਾਲ ਕਰਵਾਈ ਜਾ ਰਹੀ ਹੈ ਅਤੇ ਭਵਿੱਖ ਵਿੱਚ ਵੀ ਇਸ ਪ੍ਰਕਿਰਿਆ ਦੀ ਗੁਣਵੱਤਾ ਯਕੀਨੀ ਬਣਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਹਲਕਾ ਗਿੱਦੜਵਾਹਾ ਦੀ ਹਦੂਦ ਵਿੱਚ ਕੁੱਲ 18 ਸੇਮ ਨਾਲੇ ਗੁਜ਼ਰਦੇ ਹਨ, ਜਿਨ੍ਹਾਂ ਵਿੱਚੋਂ 16 ਸੇਮ ਨਾਲੇ ਸ੍ਰੀ ਮੁਕਤਸਰ ਸਾਹਿਬ ਜਲ ਨਿਕਾਸ ਮੰਡਲ ਅਤੇ 2 ਸੇਮ ਨਾਲੇ ਫ਼ਰੀਦਕੋਟ ਜਲ ਨਿਕਾਸ ਮੰਡਲ ਨਾਲ ਸਬੰਧ ਰੱਖਦੇ ਹਨ।

ਉਨ੍ਹਾਂ ਕਿਹਾ ਕਿ ਜ਼ਰੂਰਤ ਮੁਤਾਬਕ ਇਨ੍ਹਾਂ ਵਿੱਚੋਂ 17 ਸੇਮ ਨਾਲਿਆਂ ਦੀ ਸਫ਼ਾਈ ਮਾਨਸੂਨ ਸੀਜ਼ਨ 2024-25 ਦੌਰਾਨ ਵਿਭਾਗੀ ਮਸ਼ੀਨਰੀ ਅਤੇ ਏਜੰਸੀ ਰਾਹੀਂ ਕਰਵਾਈ ਗਈ ਸੀ ਜਿਸ ਦਾ ਕੁਲ ਖ਼ਰਚ 49 ਲੱਖ 55 ਹਜ਼ਾਰ 55 ਰੁਪਏ ਸੀ ਅਤੇ 7 ਸੇਮ ਨਾਲੇ 19 ਲੱਖ 28 ਹਜ਼ਾਰ 820 ਦੀ ਲਾਗਤ ਨਾਲ ਵਿਭਾਗੀ ਮਸ਼ੀਨਰੀ ਰਾਹੀਂ ਅਤੇ 10 ਸੇਮ ਨਾਲੇ 30 ਲੱਖ 26 ਹਜ਼ਾਰ 235 ਦੀ ਲਾਗਤ ਨਾਲ ਏਜੰਸੀ ਪਾਸੋਂ ਸਾਫ਼ ਕਰਵਾਏ ਗਏ ਸਨ। ਉਨ੍ਹਾਂ ਦੱਸਿਆ ਕਿ ਲੋੜ ਅਨੁਸਾਰ ਇਨ੍ਹਾਂ ਨਾਲਿਆਂ ਦੀ ਸਫ਼ਾਈ ਦਾ ਕੰਮ 2025-26 ਦੇ ਮਾਨਸੂਨ ਸੀਜ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਕੀਤਾ ਜਾਵੇਗਾ।

ਵਿਧਾਇਕ ਦੇ ਇੱਕ ਹੋਰ ਸਵਾਲ ਦੇ ਜਵਾਬ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਮਾਨ ਸਰਕਾਰ ਨੇ ਆਪਣੇ ਪੱਧਰ 'ਤੇ 13 ਵੱਡੀਆਂ ਮਸ਼ੀਨਾਂ ਖ਼ਰੀਦੀਆਂ ਹਨ ਅਤੇ ਇਨ੍ਹਾਂ ਮਸ਼ੀਨਾਂ ਨਾਲ 19 ਲੱਖ 28 ਹਜ਼ਾਰ 820 ਰੁਪਏ ਦੇ ਡੀਜ਼ਲ ਦੇ ਖ਼ਰਚੇ ਨਾਲ ਸੇਮ ਨਾਲਿਆਂ ਦੀ ਸਫ਼ਾਈ ਚੰਗੇ ਢੰਗ ਨਾਲ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਜੇ ਇਹ ਕੰਮ ਕਿਸੇ ਏਜੰਸੀ ਰਾਹੀਂ ਕਰਾਇਆ ਜਾਂਦਾ ਤਾਂ ਖ਼ਰਚਾ ਚਾਰ ਗੁਣਾਂ ਵੱਧ ਹੋਣਾ ਸੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸਰਕਾਰ ਦੇ ਪੱਧਰ 'ਤੇ ਕਦੇ ਵੀ ਮਸ਼ੀਨਰੀ ਦੀ ਖ਼ਰੀਦ ਨਹੀਂ ਕੀਤੀ ਗਈ।

ਰਾਮਗੜ੍ਹੀਆ ਭਾਈਚਾਰੇ ਵੱਲੋਂ ਆਜ਼ਾਦ ਉਮੀਦਵਾਰ ਖੜ੍ਹਾ ਕਰਨ ਦਾ ਲਿਆ ਗਿਆ ਫੈਸਲਾ

ਲੁਧਿਆਣਾ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਰਾਮਗੜ੍ਹੀਆ ਭਾਈਚਾਰੇ ਨੇ ਲੁਧਿਆਣਾ ਪੱਛਮੀ ਵਿਧਾਨਸਭਾ ਸੀਟ 'ਤੇ ਆਜ਼ਾਦ ਉਮੀਦਵਾਰ ਖੜ੍ਹਾ ਕਰਨ ਦਾ ਫੈਸਲਾ ਲਿਆ ਹੈ। ਇਸ ਫੈਸਲੇ ਨਾਲ ਭਾਈਚਾਰੇ ਵਿੱਚ ਉਤਸ਼ਾਹ ਅਤੇ ਉਮੀਦ ਦੀ ਨਵੀਂ ਲਹਿਰ ਦੌੜ ਗਈ ਹੈ।

ਰਾਮਗੜ੍ਹੀਆ ਭਾਈਚਾਰਾ ਹਮੇਸ਼ਾਂ ਤੋਂ ਸਮਾਜਿਕ ਅਤੇ ਆਰਥਿਕ ਹੱਕਾਂ ਦੀ ਲੜਾਈ ਲੜਦਾ ਆਇਆ ਹੈ ਅਤੇ ਇਹ ਫੈਸਲਾ ਭਾਈਚਾਰੇ ਦੀ ਆਤਮਨਿਰਭਰਤਾ ਅਤੇ ਭਵਿੱਖ ਲਈ ਇੱਕ ਮਜ਼ਬੂਤ ਕਦਮ ਹੈ। ਭਾਈਚਾਰੇ ਨੇ ਇਹ ਵੀ ਦੱਸਿਆ ਕਿ ਉਹ ਇਸ ਚੋਣ ਦੌਰਾਨ ਆਪਣੀ ਰਾਜਨੀਤਕ ਧਾਰਾ ਨੂੰ ਧਿਆਨ ਵਿੱਚ ਰੱਖਦਿਆਂ, ਸਮਾਜਿਕ ਮਸਲਿਆਂ ਅਤੇ ਵਿਕਾਸ ਦੀਆਂ ਜ਼ਰੂਰਤਾਂ ਨੂੰ ਸਾਬਤ ਕਰਨ ਲਈ ਪੂਰੀ ਕੋਸ਼ਿਸ਼ ਕਰਨਗੇ। ਭਾਈਚਾਰੇ ਦੀ ਮੁੱਖ ਸੰਸਥਾ ਦੇ ਪ੍ਰਧਾਨ ਇੰਦਰਜੀਤ ਸਿੰਘ ਸੋਹਲ ਨੇ ਕਿਹਾ, ÷ਸਾਡੇ ਭਾਈਚਾਰੇ ਦਾ ਉਦੇਸ਼ ਸਿਰਫ ਇੱਕ ਉਮੀਦਵਾਰ ਖੜ੍ਹਾ ਕਰਨਾ ਨਹੀਂ, ਬਲਕਿ ਸਾਡੀ ਅਵਾਜ਼ ਨੂੰ ਪੂਰੀ ਤਰ੍ਹਾਂ ਤਾਕਤਸ਼ਾਲੀ ਢੰਗ ਨਾਲ ਪੇਸ਼ ਕਰਨਾ ਹੈ। ਅਸੀਂ ਇਸ ਚੋਣ ਵਿੱਚ ਆਪਣੇ ਹੱਕਾਂ ਲਈ ਸੰਘਰਸ਼ ਕਰਾਂਗੇ ਅਤੇ ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਅਗੇ ਵਧਾਵਾਂਗੇ। ਰਾਮਗੜ੍ਹੀਆ ਭਾਈਚਾਰੇ ਵੱਲੋਂ ਜਲਦੀ ਹੀ ਉਮੀਦਵਾਰ ਦੀ ਘੋਸ਼ਣਾ ਕੀਤੀ ਜਾਵੇਗੀ।

ਇਹ ਮੀਟਿੰਗ ਆਲ ਇੰਡੀਆ ਰਾਮਗੜ੍ਹੀਆ ਬੋਰਡ ਦੇ ਨਾਲ ਜੁੜੀ ਹੋਈ ਰਾਮਗੜ੍ਹੀਆ ਸੰਸਥਾ ਬ੍ਰਦਰਹੁੱਡ ਮਹਾਸਭਾ ਦੇ ਪ੍ਰਧਾਨ ਇੰਦਰਜੀਤ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਲੁਧਿਆਣਾ ਸ਼ਹਿਰ ਵਿੱਚ ਪ੍ਰਧਾਨ ਇੰਦਰਜੀਤ ਸਿੰਘ ਸੋਹਲ, ਚੇਅਰਮੈਨ ਸੁਖਵਿੰਦਰ ਸਿੰਘ ਸੋਹਲ, ਅਮਰਜੀਤ ਸਿੰਘ ਸਿਆਣ, ਹਰਪ੍ਰੀਤ ਸਿੰਘ, ਸਰਬਜੀਤ ਸਿੰਘ, ਦਲੀਪ ਸਿੰਘ, ਮਹਿੰਦਰ ਸਿੰਘ ਨਾਲ ਕੋਰ ਕਮੇਟੀ ਮੈਂਬਰਾਂ ਸਮੇਤ ਕੀਤੀ ਗਈ।

ਮੱਖੂ ਰੇਲਵੇ ਓਵਰ ਬ੍ਰਿਜ ਦਾ ਕੰਮ ਇਕ ਹਫ਼ਤੇ ਵਿੱਚ ਸ਼ੁਰੂ ਹੋਵੇਗਾ: ਹਰਭਜਨ ਸਿੰਘ ਈ.ਟੀ.ਉ.

ਚੰਡੀਗੜ੍ਹ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਮੱਖੂ ਵਿਚ ਲੱਗਦੀਂ ਹਰੀਕੇ - ਜੀਰਾ-ਬਠਿੰਡਾ ਸੈਕਸ਼ਨ ਐਨ.ਐਚ. 54 ਰੇਲਵੇ ਲਾਈਨ ਉਤੇ ਓਵਰ ਬ੍ਰਿਜ ਬਨਾਉਣ ਦਾ ਕੰਮ ਇਕ ਹਫ਼ਤੇ ਵਿੱਚ ਸ਼ੁਰੂ ਹੋ ਜਾਵੇਗਾ।

ਇਹ ਜਾਣਕਾਰੀ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਉ. ਨੇ ਅੱਜ ਪੰਜਾਬ ਵਿਧਾਨ ਸਭਾ ਵਿਚ ਹਲਕਾ ਜੀਰਾ ਤੋਂ ਵਿਧਾਇਕ ਨਰੇਸ਼ ਕਟਾਰੀਆ ਵਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਦਿੱਤੀ।

ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਇਸ ਕਾਰਜ ਲਈ ਲੋੜੀਂਦੀ ਜ਼ਮੀਨ ਹਾਸਲ ਕਰ ਲਈ ਗਈ ਹੈ ਅਤੇ ਨਿਰਮਾਣ ਕਾਰਜ ਠੇਕੇਦਾਰ ਨੂੰ ਅਲਾਟ ਕਰ ਦਿੱਤਾ ਗਿਆ ਹੈ ਅਤੇ ਇਸ ਪ੍ਰੋਜੈਕਟ ਦਾ ਕੰਮ ਇਕ ਹਫ਼ਤੇ ਵਿੱਚ ਸ਼ੁਰੂ ਹੋ ਜਾਵੇਗਾ।

ਇਸੇ ਤਰ੍ਹਾਂ ਲੋਕ ਨਿਰਮਾਣ ਮੰਤਰੀ ਨੇ ਡਾਕਟਰ ਇੰਦਰਬੀਰ ਸਿੰਘ ਨਿੱਝਰ ਵਲੋਂ ਹਲਕਾ ਅੰਮ੍ਰਿਤਸਰ -ਦੱਖਣੀ ਅਧੀਨ ਚਾਟੀਵਿੰਡ ਨਹਿਰ ਤਰਨਤਾਰਨ ਰੋਡ ਫੋਰਥ ਲੈਗ ਬਣਾਉਣ ਸਬੰਧੀ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਭਾਰਤ ਸਰਕਾਰ ਦੇ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਵਲੋਂ ਮਿਤੀ 05-01-2025 ਨੂੰ ਸੀ.ਆਰ.ਆਈ.ਐਫ. ਯੋਜਨਾ (2024-25) ਅਧੀਨ ਮੰਨਜ਼ੂਰੀ ਦਿੱਤੀ ਗਈ ਹੈ ਅਤੇ ਮਿਤੀ 10.03.2025 ਨੂੰ ਪ੍ਰਸ਼ਾਸਕੀ ਪ੍ਰਵਾਨਗੀ ਵੀ ਜਾਰੀ ਕੀਤੀ ਗਈ ਹੈ। ਟੈਂਡਰ ਦੀ ਪ੍ਰਕਿਰਿਆ ਜਲਦੀ ਹੀ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ

ਕਿਹਾ ਕਿ ਕੰਮ ਦੀ ਪ੍ਰਗਤੀ ਦੇ ਅਨੁਸਾਰ ਫੰਡ ਜਾਰੀ ਕਰ ਦਿੱਤੇ ਜਾਣਗੇ।

ਅੰਮ੍ਰਿਤਸਰ ਕੋਰਟ ਕੰਪਲੈਕਸ ਵਿੱਚ ਵਕੀਲਾਂ ਲਈ ਨਵੇਂ ਚੈਂਬਰ ਬਨਾਉਣ ਸਬੰਧੀ ਕੁੰਵਰ ਵਿਜੇ ਪ੍ਰਤਾਪ ਸਿੰਘ ਵਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਸ.ਹਰਭਜਨ ਸਿੰਘ ਈ.ਟੀ.ਉ.ਨੇ ਕਿਹਾ ਕਿ ਅੰਮ੍ਰਿਤਸਰ ਕੋਰਟ ਕੰਪਲੈਕਸ ਵਿੱਚ ਵਕੀਲਾਂ ਲਈ ਨਵੇਂ ਚੈਂਬਰ ਬਨਾਉਣ ਸਬੰਧੀ ਵਕੀਲਾਂ ਵੱਲੋਂ ਆਪਣੇ ਪੱਧਰ ਤੇ ਹੀ ਉਸਾਰੇ ਜਾਣ ਦੀ ਤਜਵੀਜ਼ ਹੈ। ਪੰਜਾਬ ਸਰਕਾਰ, ਮਾਲ ਵਿਭਾਗ ਦੀ ਨੋਟੀਫਿਕੇਸ਼ਨ ਮਿਤੀ 11.11.2002 ਦੇ ਅਨੁਸਾਰ ਵਕੀਲਾਂ ਦੇ ਚੈਂਬਰਾਂ ਦੀ ਉਸਾਰੀ ਵਾਸਤੇ ਖਰਚਾ ਬਾਰ ਐਸੋਸੀਏਸ਼ਨ ਵੱਲੋਂ ਕੀਤਾ ਜਾਵੇਗਾ।

ਇਸ ਸਬੰਧੀ ਪੁੱਛੇ ਗਏ ਸਪਲੀਮੈਂਟਰੀ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਇਸ ਸਬੰਧੀ ਮਾਲ ਵਿਭਾਗ ਮਾਮਲਾ ਵਿਚਾਰ ਲਿਆ ਜਾਵੇਗਾ।

ਹਲਕਾ ਦਸੂਹਾ ਤੋਂ ਵਿਧਾਇਕ ਕਰਮਬੀਰ ਸਿੰਘ ਨੇ ਤਲਵਾੜਾ ਤੋਂ ਲੈ ਕੇ ਹੁਸ਼ਿਆਰਪੁਰ ਤੱਕ ਕੰਡੀ ਕਨਾਲ ਨਹਿਰ ਦੇ ਨਵੀਨੀਕਰਨ ਦੇ ਦੌਰਾਨ ਨਹਿਰ ਦੇ ਨਾਲ ਲੱਗਦੀ ਸੜਕ ਦੇ ਪੈਰਾਪੈਂਟ/ਰੇਲਿੰਗ ਅਤੇ ਸੜਕ ਦੇ ਕਿਨਾਰਿਆਂ ਦੇ ਹੋਏ ਨੁਕਸਾਨ ਸਬੰਧੀ ਕੀਤੇ ਸਵਾਲ ਦਾ ਜਵਾਬ ਦਿੰਦਿਆਂ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਉ. ਨੇ ਦੱਸਿਆ ਕਿ ਪਿੰਡ ਸਹੌੜਾ ਕੰਡੀ ਤੋਂ ਪੰਡੋਰੀ ਅਟਵਾਲ (ਨੰਗਲ ਘੋੜੇਵਾਹਾ) ਤੱਕ 23.65 ਕਿਲੋਮੀਟਰ ਲੰਬਾਈ ਨੂੰ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ 10 ਫੁੱਟ ਤੋਂ 18 ਫੁੱਟ ਚੌੜਾ ਕਰਨ ਅਤੇ ਸੜਕ ਦੇ ਨਾਲ-ਨਾਲ ਨਹਿਰ ਵਾਲੇ ਪਾਸੇ 18.234 ਕਿਲੋਮੀਟਰ ਲੰਬਾਈ ਵਿੱਚ ਕਰੈਸ਼ ਬੈਰੀਅਰ ਲਗਾਉਣ ਦਾ ਕੰਮ ਠੇਕੇਦਾਰ ਨੂੰ ਜਨਵਰੀ 2025 ਨੂੰ 1951.22 ਲੱਖ ਰੁਪਏ ਦੀ ਲਾਗਤ ਦਾ ਅਲਾਟ ਕੀਤਾ ਜਾ ਚੁੱਕਾ ਹੈ। ਇਸ ਕੰਮ ਲਈ ਜੰਗਲਾਤ ਮਹਿਕਮੇ ਦੀਆਂ ਲੋੜੀਂਦੀਆਂ ਮੰਨਜ਼ੂਰੀਆਂ ਪ੍ਰਾਪਤ ਕਰਨ ਲਈ ਪ੍ਰਕਿਰਿਆ ਅਗਸਤ 2024 ਤੋਂ ਚੱਲ ਰਹੀਂ ਹੈ ਅਤੇ ਪ੍ਰਵਾਨਗੀਆਂ ਪ੍ਰਾਪਤ ਹੋਣ ਤੇ ਅਪਗ੍ਰੇਡੇਸ਼ਨ ਅਤੇ ਕਰੈਸ਼ ਬੈਰੀਅਰ ਲਗਾਉਣ ਦਾ ਕੰਮ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕਰ ਲਿਆ ਜਾਵੇਗਾ।

ਇਸ ਤੋਂ ਇਲਾਵਾ ਮੁਕੇਰੀਆਂ ਹਾਈਡਲ ਤਲਵਾੜਾ ਤੋਂ ਸਹੌੜਾ ਕੰਡੀ ਤੱਕ 15.00 ਕਿਲੋਮੀਟਰ ਅਤੇ ਪੰਡੋਰੀ ਅਟਵਾਲ ਤੋਂ ਬਸੀ ਮਰੂਫ ਤੱਕ 22.60 ਕਿਲੋਮੀਟਰ ਸੜਕ ਦੀ ਰਿਪੇਅਰ ਦੀ ਤਜਵੀਜ਼ ਸਪੈਸ਼ਲ ਰਿਪੇਅਰ ਪ੍ਰੋਗਰਾ

ਖੁਰਾਕ 'ਚ ਜ਼ਰੂਰ ਸ਼ਾਮਲ ਕਰੋ ਲੌਂਗ, ਮੂੰਹ ਦੀ ਬਦਬੂ ਸਣੇ ਅਨੇਕਾਂ ਪਰੇਸ਼ਾਨੀਆਂ ਤੋਂ ਮਿਲੇਗੀ ਨਿਜ਼ਾਤ

ਕਈ ਵਾਰ ਗਲ਼ਤ ਖਾਣ-ਪੀਣ ਕਾਰਨ ਅਸੀਂ ਬੀਮਾਰੀਆਂ ਦੀ ਲਪੇਟ 'ਚ ਆ ਜਾਂਦੇ ਹਾਂ। ਅੱਜਕਲ ਲੋਕ ਆਪਣੀ ਜ਼ਿੰਦਗੀ 'ਚ ਇੰਨੇ ਰੁੱਝੇ ਹੋਏ ਹਨ ਕਿ ਉਹ ਆਪਣੀ ਸਿਹਤ ਦਾ ਵੀ ਧਿਆਨ ਵੀ ਨਹੀਂ ਰੱਖ ਪਾਉਂਦੇ ਲੁੱਝੇਵੇ ਵਾਲੀ ਜ਼ਿੰਦਗੀ ਦੇ ਚਲਦੇ ਲੋਕ ਕਦੇ-ਕਦੇ ਡਾਕਟਰ ਦੇ ਕੋਲ ਵੀ ਨਹੀਂ ਜਾਂਦੇ ਅਤੇ ਘਰੇਲੂ ਨੁਸਖ਼ੇ ਅਪਣਾ ਲੈਂਦੇ ਹਨ। ਅੱਜ ਅਸੀਂ ਤੁਹਾਨੂੰ ਇਕ ਅਜਿਹੀ ਆਯੁਰਵੇਦਿਕ ਵਸਤੂ ਬਾਰੇ ਦੱਸਣ ਜਾ ਰਹੇ ਹਾਂ, ਜਿਸ ਨਾਲ ਤੁਸੀਂ ਕਈ ਬੀਮਾਰੀਆਂ ਤੋਂ ਨਿਜ਼ਾਤ ਪਾ ਸਕਦੇ ਹੋ। ਲੌਂਗ ਇਕ ਅਜਿਹੀ ਚੀਜ਼ ਹੈ ਜੋ ਖਾਣੇ ਦਾ ਸੁਆਦ ਵਧਾਉਣ ਦੇ ਨਾਲ-ਨਾਲ ਸਿਹਤ ਨੂੰ ਵੀ ਕਈ ਫ਼ਾਇਦੇ ਦਿੰਦਾ ਹੈ। ਲੌਂਗਾਂ ਦਾ ਤੇਲ ਸਦੀਆਂ ਤੋਂ ਐਂਟੀ-ਸੈਪਟਿਕ ਯਾਨੀ ਸੱਟ ਲੱਗਣ 'ਤੇ ਜ਼ਖਮ 'ਤੇ ਲਗਾਉਣ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ।

ਸੌਣ ਤੋਂ ਪਹਿਲਾਂ ਕਰੋ ਦੋ ਲੌਂਗਾਂ ਦੀ ਵਰਤੋਂ

ਲੌਂਗ ਦੀ ਤਾਸੀਰ ਗਰਮ ਹੁੰਦੀ ਹੈ, ਇਸ ਲਈ ਸਰਦੀ-ਜ਼ੁਕਾਮ 'ਚ ਵੀ ਇਹ ਬਹੁਤ ਹੀ ਲਾਭਦਾਇਕ ਸਿੱਧ ਹੁੰਦਾ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਦੋ ਲੌਂਗ ਖਾਣੇ ਚਾਹੀਦੇ ਹਨ। ਅਜਿਹਾ ਕਰਨ ਨਾਲ ਢਿੱਡ 'ਚ ਦਰਦ, ਸਿਰ ਦਰਦ, ਗਲੇ ਦਾ ਦਰਦ ਜਾਂ ਫ਼ਿਰ ਸਰੀਰ ਦੇ ਕਿਸੇ ਵੀ ਹਿੱਸੇ ਦਾ ਦਰਦ ਕੁਝ ਹੀ ਦਿਨਾਂ 'ਚ ਗਾਇਬ ਹੋ ਜਾਵੇਗਾ।

ਵਾਲ਼ਾਂ ਦੀ ਵਧਾਏ ਖੂਬਸੂਰਤੀ

10 ਤੋਂ 12 ਲੌਂਗ ਪਾਣੀ 'ਚ ਉਬਾਲ ਕੇ ਲੌਂਗ ਵਾਲੀ ਚਾਹ ਬਣਾ ਲਵੋ। ਇਸ ਪਾਣੀ ਨੂੰ ਠੰਡਾ ਕਰਕੇ ਵਾਲ਼ ਕਲਰ ਕਰਨ ਅਤੇ ਸ਼ੈਂਪੂ ਕਰਨ ਤੋਂ ਬਾਅਦ ਸਿਰ 'ਚ ਲਗਾਓ। ਇਸ ਨਾਲ ਤੁਹਾਡੇ ਵਾਲ਼ਾਂ ਦੀ ਖ਼ੂਬਸੂਰਤੀ ਹੋਰ ਵੀ ਵਧੇਗੀ।

ਫ਼ੰਗਲ ਇਨਫ਼ੈਕਸ਼ਨ

ਜ਼ਹਿਰੀਲੇ ਕੀੜੇ ਦੇ ਕੱਟਣ 'ਤੇ ਜਾਂ ਸੱਟ ਲੱਗਣ 'ਤੇ ਜ਼ਖਮ ਹੋਣ ਅਤੇ ਫ਼ੰਗਲ ਇਨਫ਼ੈਕਸ਼ਨ 'ਤੇ ਲੌਂਗਾਂ ਦੇ ਤੇਲ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਤੇਲ ਸਕਿਨ ਨਾਲ ਜੁੜੀਆਂ ਪਰੇਸ਼ਾਨੀਆਂ ਨੂੰ ਦੂਰ ਕਰਨ 'ਚ ਮਦਦਗਾਰ ਸਾਬਤ ਹੁੰਦਾ ਹੈ।

ਹੈਜਾ ਦੀ ਬੀਮਾਰੀ ਤੋਂ ਦਿਵਾਏ ਰਾਹਤ

ਲੌਂਗਾਂ ਦੇ ਤੇਲ ਨੂੰ ਹੱਥ ਦੀ ਤਲੀ ਉੱਪਰ ਪਾ ਕੇ ਖਾਣ ਨਾਲ ਹੈਜਾ ਵਰਗੀ ਖ਼ਤਰਨਾਕ ਬੀਮਾਰੀ ਨੂੰ ਠੀਕ ਕੀਤਾ ਜਾ

ਸਕਦਾ ਹੈ।

ਮੂੰਹ ਦੀ ਬਦਬੂ ਤੋਂ ਮਿਲੇ ਰਾਹਤ

ਲੌਂਗ ਮੂੰਹ ਦੀ ਬਦਬੂ ਤੋਂ ਵੀ ਰਾਹਤ ਦਿਵਾਉਣ 'ਚ ਸਹਾਇਕ ਹੁੰਦਾ ਹੈ। ਰੋਜ਼ਾਨਾ ਦੋ ਲੌਂਗ ਚੂਸਣ ਨਾਲ ਮੂੰਹ 'ਚੋਂ ਆਉਣ ਬਦਬੂ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਐਸੀਡਿਟੀ ਕਰੇ ਖਤਮ

ਲੌਂਗ ਐਸੀਡਿਟੀ ਲਈ ਵੀ ਫ਼ਾਇਦੇਮੰਦ ਹੁੰਦੇ ਹਨ। 100 ਗ੍ਰਾਮ ਪਾਣੀ 'ਚ ਲੌਂਗ ਦਾ ਪਾਊਡਰ ਮਿਲਾ ਕੇ ਪੀਣ ਨਾਲ ਐਸੀਡਿਟੀ ਦੀ ਸਮੱਸਿਆ ਦੂਰ ਹੋ ਜਾਂਦੀ ਹੈ।

ਜੋੜਾਂ ਦੇ ਦਰਦ ਤੋਂ ਦਿਵਾਏ ਨਿਜ਼ਾਤ

ਲੌਂਗਾਂ ਦਾ ਤੇਲ ਜੋੜਾਂ ਦੇ ਦਰਦਾਂ ਨੂੰ ਦੂਰ ਕਰਨ 'ਚ ਕਾਫ਼ੀ ਲਾਹੇਵੰਦ ਹੁੰਦਾ ਹੈ। ਰੋਜ਼ਾਨਾ ਲੌਂਗਾਂ ਦਾ ਤੇਲ ਲਗਾਉਣ ਨਾਲ ਜੋੜਾਂ ਦੇ ਦਰਦ ਤੋਂ ਨਿਜ਼ਾਤ ਮਿਲਦੀ ਹੈ।

ਸਿਰ ਦਰਦ ਕਰੇ ਦੂਰ

ਲੌਂਗ ਸਿਰ ਦਰਦ ਨੂੰ ਵੀ ਠੀਕ ਕਰਨ 'ਚ ਮਦਦਗਾਰ ਸਾਬਤ ਹੁੰਦੇ ਹਨ। ਜਦੋਂ ਵੀ ਤੁਹਾਡੇ ਸਿਰ 'ਚ ਦਰਦ ਹੋਵੇ ਤਾਂ ਤੁਸੀਂ ਦੋ ਲੌਂਗ ਕੋਸੇ ਪਾਣੀ 'ਚ ਮਿਲਾ ਕੇ ਪੀ ਲਵੋ। ਅਜਿਹਾ ਕਰਨ ਨਾਲ ਸਿਰ ਦਰਦ ਤੋਂ ਨਿਜ਼ਾਤ ਮਿਲੇਗਾ।

ਗਲੇ ਦੀ ਖਾਰਸ਼ ਤੋਂ ਮਿਲੇ ਨਿਜ਼ਾਤ

ਗਲੇ ਦੀ ਖਾਰਸ਼ ਹੋਣ 'ਤੇ ਇਕ ਲੌਂਗ ਖਾਣਾ ਚਾਹੀਦਾ ਹੈ ਜਾਂ ਫ਼ਿਰ ਥੋੜ੍ਹੀ ਦੇਰ ਲਈ ਜੀਭ 'ਤੇ ਰੱਖੋ। ਇਸ ਨਾਲ ਗਲੇ ਦੀ ਖਾਰਸ਼ ਤੋਂ ਆਰਾਮ ਮਿਲੇਗਾ।

ਚਿਹਰੇ ਦੇ ਦਾਗ-ਧੱਬੇ ਕਰੇ ਦੂਰ

ਲੌਂਗਾਂ ਦੀ ਵਰਤੋਂ ਨਾਲ ਚਿਹਰੇ ਦਾ ਦਾਗ-ਧੱਬੇ ਅਤੇ ਮੂੰਹ 'ਤੇ ਹੋਣ ਵਾਲੇ ਕਿੱਲਾਂ ਤੋਂ ਛੁਟਕਾਰਾ ਮਿਲਦਾ ਹੈ। ਇਸ ਦੇ ਲਈ ਸਕਿਨ ਮੁਤਾਬਕ ਜਿਹੜੇ ਵੀ ਫ਼ੇਸਪੈਕ ਦੀ ਵਰਤੋਂ ਕਰਦੇ ਹੋ, ਉਸ 'ਚ ਥੋੜ੍ਹਾ ਜਿਹਾ ਲੌਂਗਾਂ ਦਾ ਤੇਲ ਮਿਲਾ ਲਓ। ਇਸ ਨੂੰ ਹਫ਼ਤੇ 'ਚ ਘੱਟੋ-ਘੱਟ ਦੋ ਵਾਰ ਲਗਾਓ। ਅਜਿਹਾ ਕਰਨ ਨਾਲ ਤੁਹਾਡਾ ਚਿਹਰਾ ਬਿਲਕੁਲ ਸਾਫ਼ ਹੋ ਜਾਵੇਗਾ ਅਤੇ ਸਾਰੇ ਦਾਗ-ਧੱਬੇ ਦੂਰ ਹੋ ਜਾਣਗੇ।

ਸਰਦੀ-ਜ਼ੁਕਾਮ ਤੋਂ ਦਿਵਾਏ ਨਿਜ਼ਾਤ

ਸਰਦੀ-ਜ਼ੁਕਾਮ ਲੱਗਣ ਨਾਲ ਇਕ ਚਮਚੇ ਸ਼ਹਿਦ 'ਚ 4 ਤੋਂ 5 ਲੌਂਗ ਪੀਸ ਕੇ ਖਾਣ ਨਾਲ ਬੰਦ ਨੱਕ ਤੋਂ ਰਾਹਤ ਮਿਲਦੀ ਹੈ। ਅਜਿਹਾ ਕਰੀਬ 4 ਦਿਨ ਰੋਜ਼ਾਨਾ ਕਰਨ ਨਾਲ ਸਰਦੀ-ਜ਼ੁਕਾਮ ਤੋਂ ਰਾਹਤ ਮਿਲਦੀ ਹੈ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

ਜੇਕਰ ਤੁਹਾਨੂੰ ਵੀ ਵਾਰ-ਵਾਰ ਆਉਂਦੇ ਹਨ 'ਚੱਕਰ' ਤਾਂ ਕਦੇ ਨਾ ਕਰੋ ਨਜ਼ਰਅੰਦਾਜ਼

ਕਈ ਵਾਰ ਜ਼ਿਆਦਾ ਥਕਾਵਟ ਦੀ ਕਾਰਨ ਚੱਕਰ ਆਉਣ ਲੱਗਦੇ ਹਨ ਪਰ ਕਈ ਲੋਕਾਂ ਨੂੰ ਬਹੁਤ ਜ਼ਿਆਦਾ ਚੱਕਰ ਆਉਂਦੇਹਨ ਇਸ ਨੂੰ ਕਦੇ ਵੀ ਨਜ਼ਰਅੰਦਾਜ਼ ਨਾ ਕਰੋ। ਰੋਜ਼ਾਨਾ ਬਿਨਾਂ ਕਿਸੇ ਕਾਰਨ ਤੋਂ ਚੱਕਰ ਆਉਣੇ ਭਾਵੇਂ ਤੁਹਾਨੂੰ ਸਾਧਾਰਨ ਲੱਗਦੇ ਹਨ ਪਰ ਇਹ ਕਈ ਗੰਭੀਰ ਬੀਮਾਰੀਆਂ ਦਾ ਸੰਕੇਤ ਵੀ ਹੋ ਸਕਦੇ ਹਨ। ਜਦੋਂ ਸਾਡੇ ਸਰੀਰ ਵਿਚ ਅੱਖਾਂ, ਦਿਮਾਗ, ਕੰਨ, ਪੈਰ ਜਾਂ ਫ਼ਿਰ ਰੀੜ੍ਹ ਦੀ ਹੱਡੀ ਦੀਆਂ ਨਾੜਾਂ ਠੀਕ ਤਰ੍ਹਾਂ ਕੰਮ ਨਹੀਂ ਕਰਦੀਆਂ ਤਾਂ ਚੱਕਰ ਆਉਣ ਲੱਗਦੇ ਹਨ। ਇਸ ਨਾਲ ਅੱਖਾਂ ਅੱਗੇ ਹਨੇਰਾ ਆ ਜਾਂਦਾ ਹੈ। ਇਸ ਲਈ ਇਸ ਸਮੱਸਿਆ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਅੱਜ ਅਸੀਂ ਤੁਹਾਨੂੰ ਦੱਸਾਂਗੇ ਉਹ ਸਮੱਸਿਆਵਾਂ ਜਿਨ੍ਹਾਂ ਵਿੱਚ ਚੱਕਰ ਆਉਂਦੇਹਨ ਅਤੇ ਚੱਕਰ ਆਉਣੇ ਇਨ੍ਹਾਂ ਗੰਭੀਰ ਬੀਮਾਰੀਆਂ ਦਾ ਸੰਕੇਤ ਹੁੰਦਾ ਹੈ।

ਕਿਉਂ ਆਉਂਦੇਹਨ ਚੱਕਰ

ਦਰਅਸਲ ਜਦੋਂ ਅੱਖਾਂ, ਦਿਮਾਗ, ਕੰਨ, ਪੈਰਾਂ ਅਤੇ ਰੀੜ ਦੀਆਂ ਨਾੜਾਂ ਠੀਕ ਤਰ੍ਹਾਂ ਕੰਮ ਨਹੀਂ ਕਰਦੀਆਂ ਤਾਂ ਚੱਕਰ, ਅੱਖਾਂ ਦੇ ਅੱਗੇ ਹਨ੍ਹੇਰਾ ਛਾ ਜਾਣ ਵਰਗੇ ਲੱਛਣ ਦਿਖਾਈ ਦਿੰਦੇ ਹਨ। ਅਜਿਹੇ 'ਚ ਇਸ ਨੂੰ ਹਲਕੇ 'ਚ ਲੈਣਾ ਤੁਹਾਡੇ ਲਈ ਹਾਨੀਕਾਰਕ ਹੋ ਸਕਦਾ ਹੈ। ਕਈ ਵਾਰ ਚੱਕਰ ਆਉਣਾ ਤਣਾਅ, ਮਾਈਗ੍ਰੇਨ, ਥ੍ਰੋਨ ਜਾਂ ਕੰਨ ਦਾ ਟਿਊਮਰ, ਤੰਤਰਿਕਾ ਤੰਤਰ 'ਚ ਪ੍ਰਾਬਲਮ ਦਾ ਸੰਕੇਤ ਵੀ ਹੋ ਸਕਦਾ ਹੈ। ਅਜਿਹੇ 'ਚ ਇਸ ਨੂੰ ਨਜ਼ਰ-ਅੰਦਾਜ਼ ਬਿਲਕੁੱਲ ਵੀ ਨਾ ਕਰੋ।

ਨਸਾਂ ਦੀ ਕਮਜ਼ੋਰੀ

ਨਸਾਂ ਵਿੱਚ ਕਮਜ਼ੋਰੀ ਹੋਣ ਦੇ ਕਾਰਨ ਨਸਾਂ ਵਿਚ ਦਰਦ ਅਤੇ ਸੋਜ ਹੋਣ ਲੱਗਦੀ ਹੈ। ਇਸ ਦੇ ਨਾਲ ਚੱਕਰ ਆਉਣ ਲੱਗਦੇ ਹਨ। ਇਸ ਤਰ੍ਹਾਂ ਦੀ ਸਮੱਸਿਆ ਹੋਣ 'ਤੇ ਇਸ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

ਮਾਈਗ੍ਰੇਨ ਦੀ ਸਮੱਸਿਆ

ਬਹੁਤ ਵਾਰ ਚੱਕਰ ਆਉਣੇ ਤਣਾਅ, ਦਿਮਾਗ, ਦਿਮਾਗ ਜਾਂ ਫ਼ਿਰ ਕੰਨ ਦਾ ਟਿਊਮਰ ਅਤੇ ਮਾਈਗ੍ਰੇਨ ਦਾ ਸੰਕੇਤ ਹੋ ਸਕਦਾ ਹੈ। ਇਸ ਲਈ ਰੋਜ਼ਾਨਾ ਬਹੁਤ ਜ਼ਿਆਦਾ ਚੱਕਰ ਆਉਣੇ ਕਈ ਗੰਭੀਰ ਬੀਮਾਰੀਆਂ ਦਾ ਸੰਕੇਤ ਹੋ ਸਕਦਾ ਹੈ।

ਦਿਮਾਗ ਤੱਕ ਆਕਸੀਜਨ ਦਾ ਨਾ ਪਹੁੰਚਣੀ

ਸਾਡੇ ਦਿਮਾਗ ਨੂੰ ਆਕਸੀਜਨ ਦੀ ਬਹੁਤ ਜ਼ਿਆਦਾ ਜ਼ਰੂਰਤ ਹੁੰਦੀ ਹੈ। ਇਹ ਖ਼ੂਨ ਰਾਹੀਂ ਦਿਮਾਗ ਤਕ ਪਹੁੰਚਦੀ ਹੈ ਪਰ ਕਈ ਵਾਰ ਖ਼ੂਨ ਦੇ ਥੱਕੇ ਬਣਨ ਅਤੇ ਖ਼ਰਾਬ ਬਲੱਡ ਸਰਕੁਲਸ਼ਨ ਦੇ ਕਾਰਨ ਦਿਮਾਗ ਤਕ ਸਹੀ ਮਾਤਰਾ ਵਿੱਚ ਆਕਸੀਜਨ ਨਹੀਂ ਪਹੁੰਚਦੀ। ਇਸ ਨਾਲ ਚੱਕਰ ਅਤੇ ਬੇਹੋਸ਼ੀ ਜਿਹੀ ਸਮੱਸਿਆ ਹੋਣ ਲੱਗਦੀ ਹੈ।

ਕੰਨ ਵਿਚ ਇਨਫ਼ੈਕਸ਼ਨ ਹੋਣੀ

ਜਦੋਂ ਸਾਡੇ ਕੰਨ ਵਿਚ ਇਨਫ਼ੈਕਸ਼ਨ ਹੋ

ਲੱਗਦੀ ਹੈ ਜਾਂ ਫ਼ਿਰ ਸੁਣਨ ਵਿੱਚ ਦਿੱਕਤ ਹੋਣ ਦੇ ਕਾਰਨ ਵੀ ਚੱਕਰ ਆਉਣ ਲੱਗਦੇ ਹਨ। ਇਸ ਲਈ ਚੱਕਰ ਆਉਣ ਦਾ ਮੁੱਖ ਕਾਰਨ ਕੰਨਾਂ ਦੀ ਇਨਫ਼ੈਕਸ਼ਨ ਵੀ ਹੋ ਸਕਦਾ ਹੈ।

ਸਰੀਰ ਵਿੱਚ ਪਾਣੀ ਦੀ ਕਮੀ ਹੋਣੀ

ਜੋ ਲੋਕ ਘੱਟ ਮਾਤਰਾ ਵਿਚ ਪਾਣੀ ਪੀਂਦੇ ਹਨ। ਉਨ੍ਹਾਂ ਨੂੰ ਵੀ ਜ਼ਿਆਦਾਤਰ ਚੱਕਰ ਆਉਣੇ, ਲਗਾਤਾਰ ਸਿਰਦਰਦ ਰਹਿਣਾ ਅਤੇ ਅੱਖਾਂ ਅੱਗੇ ਧੁੰਦਲਾਪਣ ਜਿਹੀਆਂ ਸਮੱਸਿਆਵਾਂ ਹੋਣ ਲੱਗਦੀਆਂ ਹਨ। ਇਹ ਸਮੱਸਿਆ ਜ਼ਿਆਦਾਤਰ ਬਜ਼ੁਰਗਾਂ ਅਤੇ ਸ਼ੂਗਰ ਦੇ ਮਰੀਜ਼ਾਂ ਵਿੱਚ ਜ਼ਿਆਦਾ ਹੁੰਦੀ ਹੈ।

ਸਰੀਰ ਵਿਚ ਸੈੱਲਸ ਘੱਟ ਹੋਣੇ

ਸਰੀਰ ਵਿਚ ਕਮਜ਼ੋਰੀ, ਖ਼ੂਨ ਦੀ ਕਮੀ ਜਾਂ ਫ਼ਿਰ ਸੈਲਸ ਘੱਟ ਹੋਣ ਦੇ ਕਾਰਨ ਵੀ ਚੱਕਰ ਆਉਣ ਲੱਗਦੇ ਹਨ। ਇਸ ਤਰ੍ਹਾਂ ਦੀ ਸਮੱਸਿਆ ਹੋਣ 'ਤੇ ਤੁਹਾਨੂੰ ਹੈਲਦੀ ਡਾਈਟ ਜਿਵੇਂ ਫ਼ਲ, ਸਬਜ਼ੀਆਂ, ਕੀਵੀ, ਅਨਾਰ ਅਤੇ ਨਾਰੀਅਲ ਪਾਣੀ ਵੱਧ ਤੋਂ ਵੱਧ ਦੇਣਾ ਚਾਹੀਦਾ ਹੈ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

ਕੀ ਤੁਹਾਡੇ ਵੀ ਢਿੱਡ 'ਚ ਅਚਾਨਕ ਪੈਂਦੇ ਹਨ 'ਵੱਟ' ਤਾਂ ਇਨ੍ਹਾਂ ਚੀਜ਼ਾਂ ਦੀ ਕਰੋ ਵਰਤੋਂ

- ਮੌਸਮ 'ਚ ਬਦਲਾਅ ਹੋਣ ਦੇ ਕਾਰਨ ਸਿਹਤ ਨਾਲ ਜੁੜੀਆਂ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਹੋ ਜਾਂਦੀਆਂ ਹਨ, ਜੋ ਆਮ ਗੱਲ ਹੈ। ਕਈ ਵਾਰ ਸਾਡੇ ਭੋਜਨ 'ਚ ਬਦਲਾਅ ਅਤੇ ਪਾਚਨ ਕਿਰਿਆ 'ਚ ਗੜਬੜੀ ਹੋਣ ਕਰਕੇ ਢਿੱਡ 'ਚ ਅਚਾਨਕ ਵੱਟ ਪੈਣੇ ਸ਼ੁਰੂ ਹੋ ਜਾਂਦੇ ਹਨ, ਜਿਸ ਨਾਲ ਕਈ ਵਾਰ ਦਰਦ ਹੋਣੀ ਵੀ ਸ਼ੁਰੂ ਹو ਜਾਂਦੀ ਹੈ। ਜੇਕਰ ਦਰਦ ਵੱਧਦਾ ਹੈ ਤਾਂ ਇਨਸਾਨ ਦਾ ਉੱਠਣਾ ਬੈਠਣਾ ਤੱਕ ਮੁਸ਼ਕਲ ਹੋ ਜਾਂਦਾ ਹੈ, ਜਿਸ ਲਈ ਲੋਕ ਕਈ ਤਰ੍

ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਤਹਿਤ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਦਰਜ ਮੈਂਬਰਾਂ ਦੀ ਈ-ਕੇ.ਵਾਈ.ਸੀ ਕਰਵਾਉਣ ਦੀ ਅਪੀਲ

ਸਮੂਹ ਡਿਪੂ ਹੋਲਡਰ ਆਪਣੇ-ਆਪਣੇ ਇਲਾਕੇ ਵਿੱਚ ਪੈਂਦੇ ਖਪਤਕਾਰਾਂ ਨੂੰ ਈ-ਕੇ.ਵਾਈ.ਸੀ ਕਰਵਾਉਣ ਲਈ ਪ੍ਰੇਰਿਤ ਕਰਨ ਤਾਂ ਜੋ ਕੋਈ ਖਪਤਕਾਰ ਮਿਤੀ 31 ਮਾਰਚ 2025 ਤੋਂ ਬਾਅਦ ਰਾਸ਼ਨ ਲੈਣ ਤੋਂ ਵਾਂਝਾ ਨਾ ਰਹਿ ਜਾਵੇ

ਪਟਿਆਲਾ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਜ਼ਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਡਾ. ਰੂਪਪ੍ਰੀਤ ਕੌਰ ਨੇ ਜ਼ਿਲ੍ਹੇ ਦੇ ਸਮੂਹ ਸਹਾਇਕ ਖੁਰਾਕ ਤੇ ਸਪਲਾਈਜ਼ ਅਫ਼ਸਰਾਂ, ਨਿਰੀਖਕ ਇੰਚਾਰਜ (ਵੰਡ) ਅਤੇ ਡਿਪੂ ਹੋਲਡਰਾਂ, ਨਾਲ ਮੀਟਿੰਗਾਂ ਕਰਕੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਤਹਿਤ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਦਰਜ ਮੈਂਬਰਾਂ ਦੀ ਈ-ਕੇ ਵਾਈ ਸੀ ਕਰਵਾਉਣ ਦੇ ਕੰਮ ਨੂੰ ਮਿਥੀ ਤਾਰੀਕ ਤੱਕ ਮੁਕੰਮਲ ਕਰਨ ਲਈ ਹਦਾਇਤ ਕੀਤੀ ਹੈ।

ਡੀ.ਐਫ.ਐਸ.ਸੀ. ਨੇ ਦੱਸਿਆ ਕਿ ਪੰਜਾਬ ਦੇ ਖੁਰਾਕ ਤੇ ਸਪਲਾਈਜ਼ ਮੰਤਰੀ, ਪ੍ਰਮੁੱਖ ਸਕੱਤਰ ਅਤੇ ਵਿਭਾਗ ਦੇ ਡਾਇਰੈਕਟਰ ਵੱਲੋਂ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਨੂੰ ਈ-ਕੇ.ਵਾਈ.ਸੀ ਦਾ ਕੰਮ ਮਿਤੀ 31 ਮਾਰਚ 2025 ਤੱਕ ਮੁਕੰਮਲ ਕਰਨ ਦੀ ਕੀਤੀ ਗਈ ਹਦਾਇਤ ਤਹਿਤ ਪਟਿਆਲਾ ਜ਼ਿਲ੍ਹੇ ਅੰਦਰ ਉਹ ਲਗਾਤਾਰ ਮੀਟਿੰਗਾਂ ਕਰ ਰਹੇ ਹਨ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਹੜੇ ਲੋਕਾਂ ਦੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਤਹਿਤ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਮੈਂਬਰਾ ਦਰਜ ਹਨ, ਉਨ੍ਹਾਂ ਦੀ ਈ-ਕੇ.ਵਾਈ.ਸੀ ਕਰਵਾਈ ਜਾਵੇ।

ਰੂਪਪ੍ਰੀਤ ਕੌਰ ਨੇ ਦੱਸਿਆ ਕਿ ਇਸ ਪ੍ਰੀਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਖੁਰਾਕ ਤੇ ਸਪਲਾਈਜ਼ ਵਿਭਾਗ ਦੇ ਫੀਲਡ ਅਫ਼ਸਰਾਂ ਨੂੰ ਆਪਣੇ-ਆਪਣੇ ਕਾਰਜ ਖੇਤਰ ਵਿੱਚ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013/ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਜਾਰੀ ਰਾਸ਼ਨ ਕਾਰਡਾਂ ਵਿੱਚ ਦਰਜ ਸਮੂਹ ਮੈਂਬਰਾਂ ਦੀ ਈ-ਕੇ.ਵਾਈ.ਸੀ ਦਾ ਕੰਮ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਡਿਪੂ ਹੋਲਡਰਾਂ ਨੂੰ ਵੀ ਅਪੀਲ ਕੀਤੀ ਕਿ ਉਨ੍ਹਾਂ ਵੱਲੋਂ ਆਪਣੇ-ਆਪਣੇ ਇਲਾਕੇ ਵਿੱਚ ਪੈਂਦੇ ਖਪਤਕਾਰਾਂ ਨੂੰ ਈ-ਕੇ.ਵਾਈ.ਸੀ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ, ਤਾਂ ਜੋ ਕੋਈ ਖਪਤਕਾਰ ਮਿਤੀ 31 ਮਾਰਚ 2025 ਤੋਂ ਬਾਅਦ ਰਾਸ਼ਨ ਲੈਣ ਤੋਂ ਵਾਂਝਾ ਨਾ ਰਹਿ ਜਾਵੇ

ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਸੰਕੇਤਿਕ ਭਾਸ਼ਾ ਦੀ ਹੋਈ ਸਫਲਤਾਪੂਰਵਕ ਸ਼ੁਰੂਆਤ: ਡਾ ਬਲਜੀਤ ਕੌਰ

ਚੰਡੀਗੜ੍ਹ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਦੱਸਿਆ ਹੈ ਕਿ ਅੱਜ ਤੋਂ ਸ਼ੁਰੂ ਹੋਈ 16ਵੀਂ ਪੰਜਾਬ ਵਿਧਾਨ ਸਭਾ ਵਿੱਚ ਪੰਜਾਬ ਦੇ ਰਾਜਪਾਲ ਦੀ ਸਪੀਚ ਨੂੰ ਸੰਕੇਤਿਕ ਭਾਸ਼ਾ ਵਿੱਚ ਵੀ ਸਫਲਤਾਪੂਰਵਕ ਪ੍ਰਸਾਰਿਤ ਕੀਤਾ ਗਿਆ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਕਿ ਅੱਜ ਸ਼ੁਰੂ ਹੋਏ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਅਹਿਮ ਵਿਧਾਨਿਕ ਗਤੀਵਿਧੀਆਂ ਨੂੰ ਸੰਕੇਤਿਕ ਭਾਸ਼ਾ ਵਿੱਚ ਵੀ ਪ੍ਰਸਾਰਿਤ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ।

ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਅੱਗੇ ਕਿਹਾ ਕਿ ਵਿਧਾਨ ਸਭਾ ਵਿੱਚ ਪੰਜਾਬ ਦੇ ਰਾਜਪਾਲ ਦੀ ਸਪੀਚ ਨੂੰ ਸੰਕੇਤਿਕ ਭਾਸ਼ਾ ਵਿੱਚ ਪ੍ਰਸਾਰਿਤ ਕਰਨਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ

ਨਿਵੇਕਲੀ ਪਹਿਲਕਦਮੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਅਹਿਮ ਮੁੱਦਿਆਂ ਨੂੰ ਸੰਕੇਤਿਕ ਭਾਸ਼ਾ ਵਿੱਚ ਵੀ ਸ਼ੁਰੂ ਕਰਨ ਨਾਲ ਉਨ੍ਹਾਂ ਲੋਕਾਂ ਨੂੰ ਸਰਕਾਰ ਦੀਆਂ ਨੀਤੀਆਂ ਅਤੇ ਰਾਜਨੀਤਿਕ ਗੱਤੀਵਿਧੀਆਂ ਦਾ ਗਿਆਨ ਹੋਵੇਗਾ ਜੋ ਬੋਲਣ ਅਤੇ ਸੁਣਨ ਵਿੱਚ ਅਸਮਰੱਥ ਹਨ।

ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਅਹਿਮ ਮੁੱਦਿਆਂ ਨੂੰ ਸੰਕੇਤਿਕ ਭਾਸ਼ਾ ਵਿੱਚ ਪ੍ਰਸਾਰਿਤ ਕਰਨ ਲਈ ਉਨ੍ਹਾਂ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੂੰ ਸਿਫਾਰਸ਼ ਕੀਤੀ ਗਈ ਸੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਉਨ੍ਹਾਂ ਦੀ ਇਸ ਸਿਫਾਰਸ਼ ਨੂੰ ਸਵੀਕਾਰ ਕਰਦੇ ਹੋਏ ਅੱਜ ਦੀ ਪੰਜਾਬ ਵਿਧਾਨ ਸਭਾ ਦੇ ਅਹਿਮ ਮੁੱਦਿਆਂ ਨੂੰ ਸੰਕੇਤਿਕ ਭਾਸ਼ਾ ਵਿੱਚ ਵੀ ਪ੍ਰਸਾਰਿਤ ਕੀਤਾ ਗਿਆ ਹੈ।

ਡਾ ਬਲਜੀਤ ਕੌਰ ਵੱਲੋਂ ਇਸ ਪਹਿਲਕਦਮੀ ਨੂੰ ਲਾਗੂ ਕਰਨ ਲਈ ਕੀਤੀ ਗਈ ਅਗਵਾਈ ਲਈ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫੈਸਲੇ ਦੇ ਲਾਗੂ ਹੋਣ ਨਾਲ ਸੁਣਨ ਅਤੇ ਬੋਲਣ ਵਿੱਚ ਅਸਮੱਰਥ ਵਿਅਕਤੀਆਂ ਨੂੰ ਸਰਕਾਰ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਿਲ ਹੋਵੇਗੀ ਅਤੇ ਰਾਜ ਸਰਕਾਰ ਦੇ ਵਿਕਾਸ ਵਿੱਚ ਪੂਰੀ ਤਰ੍ਹਾਂ ਭਾਗੀਦਾਰ ਬਣਾਇਆ ਜਾ ਸਕੇਗਾ।

ਵਿਜੀਲੈਂਸ ਤੇ ਸਿਹਤ ਵਿਭਾਗ ਵੱਲੋਂ ਸਾਂਝੀ ਕਾਰਵਾਈ: ਬਿਨਾਂ ਲਾਇਸੈਂਸ ਵਾਲੀਆਂ ਸੋਇਆ ਚਾਂਪ, ਮੋਮੋਜ਼ ਫੈਕਟਰੀਆਂ ਸੀਲ

ਚੰਡੀਗੜ੍ਹ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚ ਚੱਲ ਰਹੀ ਭ੍ਰਿਸ਼ਟਾਚਾਰ ਵਿਰੁੱਧ ਜੰਗ" ਮੁਹਿੰਮ ਤਹਿਤ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਪੰਜਾਬ ਵਿਜੀਲੈਂਸ ਬਿਊਰੋ ਨੇ ਸਿਹਤ ਅਤੇ ਖੁਰਾਕ ਸੁਰੱਖਿਆ ਵਿਭਾਗ ਦੇ ਸਹਿਯੋਗ ਨਾਲ, ਅੰਮ੍ਰਿਤਸਰ ਸ਼ਹਿਰ ਵਿੱਚ ਫੂਡ ਪ੍ਰੋਸੈਸਿੰਗ ਫੈਕਟਰੀਆਂ ਅਤੇ ਦੁਕਾਨਾਂ ਦਾ ਅਚਨਚੇਤ ਨਿਰੀਖਣ ਕੀਤਾ। ਇਸ ਕਾਰਵਾਈ ਦੌਰਾਨ ਬਿਨਾਂ ਲਾਇਸੈਂਸ ਅਤੇ ਹਲਕੀ ਗੁਣਵੱਤਾ ਦੇ ਖਾਧ-ਪਦਾਰਥ ਬਣਾਉਣ ਵਾਲੇ ਯੂਨਿਟ, ਖਾਸ ਕਰਕੇ ਸੋਇਆ ਚਾਂਪ ਅਤੇ ਮੋਮੋਜ਼ ਬਣਾਉਣ ਵਾਲੀਆਂ ਥਾਵਾਂ 'ਤੇ ਚੈਕਿੰਗ ਕੀਤੀ ਗਈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ, ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਅਤੇ ਸਿਹਤ ਤੇ ਖੁਰਾਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਦੀ ਇੱਕ ਸਾਂਝੀ ਟੀਮ ਨੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੈਰ-ਸਵੱਛ ਫੈਕਟਰੀਆਂ ਅਤੇ ਖਾਣ-ਪੀਣ ਦੀਆਂ ਵਸਤਾਂ ਬਣਾਉਣ ਵਾਲੀਆਂ ਦੁਕਾਨਾਂ 'ਤੇ ਛਾਪੇਮਾਰੀ ਕੀਤੀ। ਆਪਰੇਸ਼ਨ ਦੌਰਾਨ, ਟੀਮ ਨੇ ਰਾਮਬਾਗ ਖੇਤਰ ਵਿੱਚ ਥੋਕ ਦੁਕਾਨਾਂ ਦਾ ਨਿਰੀਖਣ ਕੀਤਾ, ਜਿੱਥੇ ਸੋਇਆ ਚਾਂਪ ਅਤੇ ਮੋਮੋਜ਼ ਦੇ ਨਮੂਨੇ ਲਏ ਗਏ ਸਨ ਅਤੇ ਦੁਕਾਨਾਂ ਨੂੰ ਸੀਲ ਕਰ ਦਿੱਤੇ ਗਏ। ਇਹ ਵੀ ਪਤਾ ਲੱਗਾ ਕਿ ਕਈ ਦੁਕਾਨਦਾਰਾਂ ਕੋਲ ਲੋੜੀਂਦੇ ਭੋਜਨ ਸੁਰੱਖਿਆ ਲਾਇਸੈਂਸ ਨਹੀਂ ਸਨ ਅਤੇ ਉਹ ਖਾਣ-ਪੀਣ ਦੀਆਂ ਚੀਜਾਂ ਨੂੰ ਬਹੁਤ ਗ਼ੈਰ-ਸਿਹਤਮੰਦ ਤੇ ਗੰਦ-ਮੰਦੇ ਮਾਹੌਲ ਵਿੱਚ ਸਟੋਰ ਕਰ ਰਹੇ ਸਨ। ਉਨਾਂ ਅੱਗੇ ਕਿਹਾ,'' ਉਲੰਘਣਾ ਕਰਨ ਵਾਲਿਆਂ ਦੇ ਚਲਾਨ (ਜੁਰਮਾਨੇ) ਕੀਤੇ ਗਏ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ, ਟੀਮ ਨੇ ਅੰਗਰੜ ਵਿੱਚ ਸਥਿਤ ਦੋ ਸੋਇਆ ਚਾਂਪ ਬਣਾਉਣ ਵਾਲੀਆਂ ਫੈਕਟਰੀਆਂ 'ਤੇ ਛਾਪੇਮਾਰੀ ਕੀਤੀ ਗਈ।

ਦੋਵੇਂ ਫੈਕਟਰੀਆਂ ਬਹੁਤ ਹੀ ਗੈਰ-ਸਿਹਤਮੰਦ ਸਥਿਤੀਆਂ ਵਿੱਚ ਅਤੇ ਬਿਨਾਂ ਭੋਜਨ ਸੁਰੱਖਿਆ ਲਾਇਸੈਂਸਾਂ ਤੋਂ ਕੰਮ ਕਰਦੀਆਂ ਪਾਈਆਂ ਗਈਆਂ। ਨਤੀਜੇ ਵਜੋਂ, ਫੈਕਟਰੀਆਂ ਨੂੰ ਤੁਰੰਤ ਸੀਲ ਕਰ ਦਿੱਤਾ ਗਿਆ ਅਤੇ ਹੋਰ ਜਾਂਚ ਲਈ ਚਾਂਪ ਅਤੇ ਹੋਰ ਖਾਧ-ਪਦਾਰਥਾਂ ਦੇ ਨਮੂਨੇ ਲਏ ਗਏ।

ਸੀ. ਆਈ. ਪੀ. ਟੀ. ਦੁਆਰਾ ਵਿਸ਼ਵ ਜਲ ਦਿਵਸ ਮਨਾਇਆ ਗਿਆ

ਫਤਹਿਗੜ੍ਹ ਸਾਹਿਬ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੀ.ਆਈ.ਪੀ.ਟੀ (ਸੈਂਟਰਸ ਫੋਰ ਇੰਟਰਨੈਸ਼ਨਲ ਪ੍ਰੋਜੈਕਟ ਟਰਸਟ) ਸੰਸਥਾ ਦੁਆਰਾ ਸਹਿਕਾਰੀ ਸਭਾ ਸੰਗਤਪੁਰਾ ਸੋਡੀਆਂ ਵਿਖੇ ਫਲਦਾਰ ਅਤੇ ਸ਼ਾਨਦਾਰ ਪੌਦੇ ਲਗਾ ਕੇ ਵਿਸ਼ਵ ਜਲ ਦਿਵਸ ਮਨਾਇਆ ਗਿਆ ਸੀ.ਆਈ.ਪੀ.ਟੀ ਸੰਸਥਾ ਇੱਕ ਗੈਰ ਮੁਨਾਫਾ ਸੰਸਥਾ ਹੈ ਜਿਹੜੀ ਭਾਰਤ ਵਿੱਚ 2008 ਵਿੱਚ ਕਲੰਬੀਆ ਵਾਟਰ ਸੈਂਟਰ ਕਲੰਬੀਆ ਯੂਨੀਵਰਸਿਟੀ ਨਿਊਯਾਰਕ ਅਮਰੀਕਾ ਵੱਲੋਂ ਸਥਾਪਿਤ ਕੀਤੀ ਹੈ. ਸੀ ਆਈ ਪੀ.ਟੀ. ਸੰਸਥਾ ਦਾ ਮੁੱਖ ਸਿਧਾਂਤ ਪਾਣੀ ਦੇ ਸਰੋਤਾਂ ਦੀ ਸਾਂਭ ਸੰਭਾਲ ਅਤੇ ਇਹਨਾਂ ਦੀ ਸੁਚੱਜੀ ਵਰਤੋਂ ਅਤੇ ਤੇਜ ਰਫਤਾਰੀ ਯੁੱਗ ਵਿੱਚ ਕਿਸਾਨੀ ਅਤੇ ਘਰੇਲੂ ਆਮਦਨ ਵਿੱਚ ਵਾਧਾ ਕਰਨਾ ਹੈ. ਸੀ. ਆਈ.ਪੀ. ਟੀ ਸੰਸਥਾ ਕੁਦਰਤੀ ਸਰੋਤਾਂ ਦੀ ਸਾਂਭ ਸੰਭਾਲ ਲਈ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਜਿਨਾਂ ਵਿੱਚ ਸਹਿਕਾਰੀ ਸਭਾਵਾਂ, ਸਹਿਕਾਰਤਾ ਵਿਭਾਗ ਖੇਤੀਬਾੜੀ ਵਿਭਾਗ ਅਤੇ ਕਿਸਾਨ ਭਲਾਈ ਵਿਭਾਗ, ਐਫ ਪੀ.ਓ ਕੇਵੀ ਕੇ ਆਦਿ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਲਈ ਬਚਨ ਬੰਦ ਹੈ. ਸੀ.ਆਈ.ਪੀ.ਟੀ ਅਤੇ ਐਚ ਯੂ ਐਫ ਦੁਆਰਾ 2018-2023 ਤੱਕ ਪੰਜਾਬ ਦੇ ਚਾਰ ਜਿਲਿਆਂ ਅਤੇ 76 ਸਹਿਕਾਰੀ ਸਭਾਵਾਂ ਅਧੀਨ ਆਉਂਦੇ ਪਿੰਡਾਂ ਵਿੱਚ 20000 ਤੋਂ ਕਿਸਾਨਾਂ ਨਾਲ ਮਿਲ ਕੇ ਨਵੀਆਂ ਨਵੀਆਂ ਤਕਨੀਕਾਂ ਦੀ ਵਰਤੋਂ ਅਤੇ ਸਿਖਲਾਈ ਕੈਂਪ ਵਿਚ ਸਿਖਲਾਈ ਪ੍ਰਾਪਤ ਕਰਕੇ ਲਗਭਗ 428.2 ਅਰਬ ਲੀਟਰ ਪਾਣੀ ਦੀ ਬਚਤ ਕੀਤੀ ਗਈ. ਮੌਜੂਦਾ ਸਮੇਂ ਵਿੱਚ ਇਸ ਸੰਸਥਾ ਦੁਆਰਾ ਪੰਜਾਬ ਦੇ 12 ਜ਼ਿਲਿਆਂ ਦੀਆਂ 1600 ਸਹਿਕਾਰੀ ਸਭਾਵਾਂ ਅਤੇ 4500 ਪਿੰਡਾਂ ਵਿੱਚ ਪਹੁੰਚ ਕਰਕੇ ਕਿਸਾਨਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ ਤੇ ਲਾਭਕਾਰੀ ਉਪਰਾਲਿਆਂ ਨਾਲ ਜੋੜਿਆ ਜਾਵੇਗਾ. ਇਸ ਸਮੇਂ ਸੀ.ਆਈ.ਪੀ.ਟੀ ਦੇ ਏਰੀਆ ਇੰਚਾਰਜ ਵਰਿੰਦਰ ਸਿੰਘ ਅਤੇ ਸਹਿਕਾਰੀ ਸਭਾ ਸੰਗਤਪੁਰਾ ਸੋਢੀਆਂ ਦੇ ਸਕੱਤਰ ਸਰਦਾਰ ਗੁਰਮੀਤ ਸਿੰਘ ਜੀ ਪ੍ਰਧਾਨ, ਮੀਤ ਪ੍ਰਧਾਨ ਕਮੇਟੀ ਮੈਂਬਰਸ, ਸੇਲਜਮੈਨ ਅਮਿਤ ਕੁਮਾਰ ਅਤੇ ਅਗਾਂਹ ਵਧੂ ਕਿਸਾਨ ਮੌਜੂਦ ਸਨ।

ਸਰਕਾਰੀ ਯੋਜਨਾਵਾਂ ਦਾ ਲਾਭ ਹਰੇਕ ਨੌਜਵਾਨ ਨੂੰ ਜ਼ਰੂਰ ਲੈਣਾ ਚਾਹੀਦਾ ਹੈ : ਡਿਪਟੀ ਕਮਿਸ਼ਨਰ

ਪਟਿਆਲਾ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰ ਨੇ ਨੌਜਵਾਨਾਂ ਨੂੰ ਸਿਖਲਾਈ ਦੇਣ ਅਤੇ ਉਹਨਾਂ ਨੂੰ ਰੋਜ਼ਗਾਰ ਦੇ ਹੋਰ ਮੌਕੇ ਪ੍ਰਦਾਨ ਕਰਨ ਲਈ ਸਰਕਾਰੀ ਇੰਟਰਨਸ਼ਿਪ ਯੋਜਨਾ ਦਾ ਐਲਾਨ ਕੀਤਾ ਹੈ । ਇਸ ਦਾ ਲਾਭ ਹਰੇਕ ਨੌਜਵਾਨ ਨੂੰ ਜਰੂਰ ਲੈਣਾ ਚਾਹੀਦਾ ਹੈ । ਇਸ ਗੱਲ ਦਾ ਪ੍ਰਗਟਾਵਾ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਟਿਆਲਾ ਵਿਖੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਦੌਰਾਨ ਕੀਤਾ । ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ) ਨਵਰੀਤ ਕੌਰ ਸੇਖੋਂ ਵੀ ਮੌਜੂਦ ਸਨ । ਉਹਨਾਂ ਮੀਟਿੰਗ ਵਿੱਚ ਹਾਜਰ ਵਿਭਾਗਾਂ ਨੂੰ ਆਪਣੇ ਟੀਚੇ ਪੂਰੀ ਤਨਦੇਹੀ ਨਾਲ ਨੇਪਰੇ ਚਾੜ੍ਹਨ ਲਈ ਕਿਹਾ ।

ਡਿਪਟੀ ਕਮਿਸ਼ਨਰ ਪਟਿਆਲਾ ਨੇ ਇਸ ਮੀਟਿੰਗ ਵਿੱਚ ਅਗਨੀਵੀਰ ਦੀ ਭਰਤੀ ਰੈਲੀ ਸਬੰਧੀ ਅਧੀਨ ਅਨਾਥ ਬੱਚਿਆਂ ਦੇ ਸੁਨਿਹਰੇ ਭਵਿੱਖ ਲਈ ਉਹਨਾਂ ਦੀ ਕਾਊਂਸਲਿੰਗ ਕਰਕੇ ਰੋਜ਼ਗਾਰ/ਸਵੈ ਰੋਜ਼ਗਾਰ ਦੇ ਮੌਕਿਆਂ ਬਾਰੇ ਜਾਣੂ ਕਰਵਾਉਣ ਲਈ ਆਦੇਸ਼ ਦਿੱਤੇ ਤਾਂ ਜੋ ਉਹ ਆਪਣਾ ਸੁਨਿਹਰੀ ਭਵਿੱਖ ਬਣਾ ਸਕਣ । ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਨੂੰ ਵੱਧ ਤੋਂ ਵੱਧ ਕਾਊਂਸਲਿੰਗ ਸੈਸ਼ਨ ਕਰਨ ਦੇ ਵੀ ਆਦੇਸ਼ ਦਿੱਤੇ ਗਏ । ਉਹਨਾਂ ਨੇ ਆਈ.ਟੀ.ਆਈ. ਦੇ ਨੁਮਾਇੰਦਿਆਂ ਨੂੰ ਇੰਡਸਟਰੀ ਨਾਲ ਤਾਲਮੇਲ ਕਰਕੇ ਆਈ.ਟੀ.ਆਈ. ਦੇ ਪਾਸ ਆਊਟ ਪ੍ਰਾਰਥੀਆਂ ਨੂੰ ਅਪ੍ਰੈਂਟਿਸ਼ਿਪ ਕਰਵਾਉਣ ਲਈ ਵੀ ਕਿਹਾ। ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਪਟਿਆਲਾ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਵਿਸਥਾਰ ਵਿੱਚ ਦੱਸਿਆ ਕਿ ਇਸ ਯੋਜਨਾ ਅਧੀਨ ਦੇਸ਼ ਭਰ ਦੀਆਂ ਨਾਂਮੀ ਕੰਪਨੀਆਂ ਵਿੱਚ ਸਿਖਲਾਈ ਅਤੇ ਰੋਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ । ਇਸ ਸਕੀਮ ਅਧੀਨ ਉਮੀਦਵਾਰਾਂ ਨੂੰ 12 ਮਹੀਨੇ ਲਈ ਕੰਪਨੀਆਂ ਵਿੱਚ ਇੰਟਰਨਸ਼ਿਪ ਹੇਠ ਟਰੇਨਿੰਗ ਦਿੱਤੀ ਜਾਵੇਗੀ । ਉਹਨਾਂ ਦੱਸਿਆ ਕਿ ਜ਼ਿਲ੍ਹਾ ਪਟਿਆਲਾ ਦੇ ਜੋ ਉਮੀਦਵਾਰ ਹਾਈ ਸਕੂਲ, ਹਾਇਰ ਸੈਕੰਡਰੀ, ਆਈ.ਟੀ.ਆਈ. ਡਿਪਲੋਮਾ ਅਤੇ ਗ੍ਰੈਜੂਏਸ਼ਨ ਪਾਸ ਹਨ, ਜਿਨ੍ਹਾਂ ਦੀ ਉਮਰ 21 ਤੋਂ 24 ਸਾਲ ਹੈ , ਜਿਹਨਾਂ ਦੀ ਪਰਿਵਾਰਕ ਸਲਾਨਾ ਕਮਾਈ 8 ਲੱਖ ਤੋ ਘੱਟ ਹੈ , ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਨੌਕਰੀ ਨਹੀ ਕਰਦਾ, ਉਮੀਦਵਾਰ ਕੋਈ ਰੋਜ਼ਗਾਰ ਨਹੀ ਕਰਦਾ ਅਤੇ ਉਹ ਰੈਗੂਲਰ ਵਿਦਿਆਰਥੀ ਨਹੀ ਹੈ, ਅਜਿਹੇ ਉਮੀਦਵਾਰ ਇਸ ਯੋਜ

ਜਾਪਾਨ ਦੀ ਟੀਮ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਬਾਗਬਾਨਾਂ ਦੇ ਖੇਤਾਂ ਦਾ ਦੌਰਾ

ਪਟਿਆਲਾ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਡਾਇਰੈਕਟਰ ਬਾਗ਼ਬਾਨੀ ਪੰਜਾਬ ਵੱਲੋਂ ਭੇਜੀ ਹੋਈ ਤਜਵੀਜ਼ ਤਹਿਤ ਜਪਾਨ ਦੀ ਟੀਮ ਵੱਲੋਂ ਜੇ.ਆਈ.ਸੀ.ਏ. ਪ੍ਰੋਜੈਕਟ ਤਹਿਤ ਪੰਜਾਬ ਰਾਜ ਵਿੱਚ ਖੇਤੀ ਵਿਭਿੰਨਤਾ ਲਿਆਉਣ ਅਤੇ ਡਿੱਗਦੇ ਪਾਣੀ ਦੇ ਪੱਧਰ ਦੇ ਬਦਲ ਲੱਭਣ ਤਹਿਤ ਸਰਵੇ ਕਰਨ ਲਈ ਪਟਿਆਲਾ ਜ਼ਿਲ੍ਹੇ ਦੇ ਅਗਾਂਹਵਧੂ ਕਿਸਾਨਾਂ ਜਿੰਨਾ ਨੇ ਬਾਗ਼ਬਾਨੀ ਦਾ ਕਿੱਤਾ ਅਪਣਾਇਆ ਹੋਇਆ ਹੈ ਦੇ ਪ੍ਰੋਜੈਕਟਾਂ ਦਾ ਦੌਰਾ ਕੀਤਾ ਗਿਆ।

ਇਸ ਟੀਮ ਵਿੱਚ ਜਪਾਨ ਤੋ ਆਏ ਸਰਵੇ ਟੀਮ ਦੇ ਮੈਂਬਰ ਤੋਗੋ ਸਿਨੋਹਾਰਾ (ਬਾਗ਼ਬਾਨੀ ਮਾਹਰ) ਯਾਸੂਸ਼ੀ ਫੂਕੁਡਾ (ਜ਼ਮੀਨੀ ਪਾਣੀ ਬਚਾਓ ਮਾਹਰ) ਅਤੇ ਮਿਸ ਰੀ ਕੀਟਾਊ (ਵਾਤਾਵਰਣ ਸੰਬੰਧੀ ਮਾਹਰ) ਨੇ ਡਿਪਟੀ ਡਾਇਰੈਕਟਰ ਬਾਗ਼ਬਾਨੀ ਪਟਿਆਲਾ ਡਾ. ਸੰਦੀਪ ਸਿੰਘ ਗਰੇਵਾਲ ਦੇ ਨਾਲ ਸਮੇਤ ਉਹਨਾਂ ਦੇ ਸਹਿਯੋਗੀ ਡਾ. ਹਰਿੰਦਰਪਾਲ ਸਿੰਘ, ਬਾਗ਼ਬਾਨੀ ਵਿਕਾਸ ਅਫ਼ਸਰ (ਇੰਚਾਰਜ ਅਮਰੂਦ ਅਸਟੇਟ), ਡਾ. ਕੁਲਵਿੰਦਰ ਸਿੰਘ, ਬਾਗ਼ਬਾਨੀ ਵਿਕਾਸ ਅਫ਼ਸਰ ਸੰਗਰੂਰ ਅਤੇ ਡਾ. ਦਿਲਪ੍ਰੀਤ ਸਿੰਘ ਦੁਲੇਅ (ਮਿਸ਼ਨ ਸਕੱਤਰ ਪਟਿਆਲਾ) ਨਾਲ ਰਲ ਕੇ ਅਮਰੂਦ ਅਸਟੇਟ ਵਜੀਦਪੁਰ, ਬਾਇਓ ਕਾਰਵ ਸੀਡਸ ਧਬਲਾਨ, ਯੂਨੀ ਐਗਰੀ (ਟੀਸ਼ੂ ਕਲਚਰ ਆਲੂ ਯੂਨਿਟ) ਮੂੰਡ ਖੇੜਾ (ਪਟਿਆਲਾ), ਮੈਸ ਹਾਈ ਲਾਇਨ ਫੂਡਜ਼ (ਖੁੰਬ ਯੂਨਿਟ) ਅਤੇ ਸਾਲੂਬਰਸ ਮਸ਼ਰੂਮ ਯੂਨਿਟ ਗਾਜੀਸਲਾਰ (ਸਮਾਣਾ) ਦਾ ਦੌਰਾ ਕੀਤਾ ਗਿਆ।

ਇਹਨਾਂ ਪ੍ਰੋਜੈਕਟਾਂ ਵਿੱਚੋਂ ਸਰਵੇ ਟੀਮ ਮੈਂਬਰਾਂ ਨੂੰ ਬਾਗ਼ਬਾਨੀ ਵਿਭਾਗ ਪੰਜਾਬ ਵੱਲੋਂ ਕਿਸਾਨਾਂ ਨੂੰ ਬਾਗ਼ਬਾਨੀ ਧੰਦੇ ਹੇਠ ਲਿਆਉਣ ਲਈ ਉਤਸ਼ਾਹਿਤ ਕਰਨ ਲਈ ਕੀਤੇ ਜਾਂਦੇ ਉਪਰਾਲਿਆਂ ਨੂੰ ਦਰਸਾਉਂਦੇ ਉਕਤ ਯੂਨਿਟ ਦਿਖਾਏ ਗਏ ਜਿਵੇਂ ਕਿ ਅਮਰੂਦ ਅਸਟੇਟ ਵਿੱਚ ਮਿੱਟੀ ਪਾਣੀ ਚੈੱਕ ਕਰਨ ਦੀ ਚਾਲੂ ਸੁਵਿਧਾ, ਮੈਂਬਰਾਂ ਨੂੰ ਫਲਦਾਰ ਬੂਟਿਆਂ ਦੀ ਲਵਾਈ ਤੇ ਸਪਰੇਅ ਆਦਿ ਲਈ ਕਿਰਾਏ ਤੇ ਦਿੱਤੀ ਜਾਂਦੀ ਮਸ਼ੀਨਰੀ ਦੀ ਸਹੂਲਤ, ਇਸ ਤੋਂ ਇਲਾਵਾ ਬਾਇਓ ਕਾਰਨ ਵੱਲੋਂ ਆਪਣੇ ਪੱਧਰ ਤੇ ਬਾਹਰਲੇ ਦੇਸ਼ਾਂ ਤੋਂ ਫੁੱਲ ਦਾ ਬੀਜ ਮੰਗਵਾ ਕੇ ਪੰਜਾਬ ਵਿੱਚ ਇਹ ਬੀਜ ਕਿਸਾਨਾਂ ਨੂੰ ਕੰਟਰੈਕਟ ਫਾਰਮਿੰਗ ਤਹਿਤ ਲਿਆਉਣਾ/ ਖ਼ਰੀਦਣਾ ਆਦਿ ਦੀ ਵਿਵਸਥਾ ਸੰਬੰਧੀ ਜਾਣੂ ਕਰਵਾਉਣ ਤਹਿਤ ਧਬਲਾਨ ਸਥਿਤ ਯੂਨਿਟ ਦਿਖਾਇਆ ਗਿਆ ਜਿਸ ਤਹਿਤ ਡਾ. ਅਲਾ ਰੰਗ ਨੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ। ਆਲੂਆਂ ਦੇ ਜੀ-ਜ਼ੀਰੋ ਟੀਸ਼ੂ ਕਲਚਰ ਰਾਹੀ ਬੀਜ ਤਿਆਰ ਕਰਨ ਲਈ ਤਿਆਰ ਹੋਏ ਯੂਨਿਟ ਯੂਨੀ ਐਗਰੀ ਮੂੰਡ ਖੇੜਾ ਦੇ ਸਰਪ੍ਰਸਤ ਅਸ਼ਵਨੀ ਸਿੰਗਲਾ ਤੇ ਪਰਵਿੰਦਰ ਸਿੰਘ ਨੇ ਸਰਵੇ ਟੀਮ ਨੂੰ ਆਪਣੀਆਂ ਗਤੀਵਿਧੀਆਂ ਦੇ ਸਾਹਮਣੇ ਵਿਖਾ ਕੇ ਚਾਨਣਾ ਪਾਇਆ ਗਿਆ

ਇਸ ਉਪਰੰਤ ਬਲਾਕ ਸਮਾਣਾ ਦੇ ਮੈਸ.ਹਾਈ ਲਾਇਨ ਫੂਡਜ਼ ਦੇ ਸਰਪ੍ਰਸਤ ਗੌਰਵ ਜਿੰਦਲ ਤੇ ਅਮਿਤ ਕੁਮਾਰ ਨੇ ਆਪਣੇ 40 ਗ੍ਰੋਇੰਗ ਰੂਮ ਯੂਨਿਟ ਜਿਸ ਵਿੱਚ ਹਰ ਮਹੀਨੇ 600 ਟਨ ਕੰਪੋਸਟ ਤਿਆਰ ਹੁੰਦੀ ਹੈ ਤੇ ਸਲਾਨਾ 1500 ਟਨ ਖੁੰਬ ਦੀ ਪੈਦਾਵਾਰ ਬਾਰੇ ਚਾਨਣਾ ਪਾਇਆ ਗਿਆ। ਅਖੀਰ ਵਿੱਚ ਖੁੰਬਾਂ ਦੀ ਗਰਮੀ ਰੁੱਤ ਦੌਰਾਨ ਘੱਟ ਮੁੱਲ ਤੇ ਵੇਚਣ ਤੋਂ ਬਚਣ ਦੇ ਬਦਲ ਵੱਜੋ 'ਕੇਨਿੰਗ' ਵਿਧੀ ਅਪਣਾਉਣ ਵਾਲੇ ਪੁਰਾਣੇ ਖੁੰਬ ਕਾਸ਼ਤਕਾਰ -ਕਮ- ਸਰਪ੍ਰਸਤ ਸਾਲੂਬਰਸ ਯੂਨਿਟ ਗਾਜੀਸਲਾਰ (ਸਮਾਣਾ) ਬਲਰਾਜ ਸਿੰਘ ਨੇ ਆਪਣੇ ਕੇਨਿੰਗ ਵਿਧੀ ਨਾਲ ਤਿਆਰ ਕਰਕੇ ਵੇਚਣ ਲਈ ਬ੍ਰੈਂਡ 'ਮਾਲਵਾ ਬਟਨ ਮਸ਼ਰੂਮ' ਬਾਰੇ ਪੈਕਿੰਗ ਦਿਖਾਈ। ਸੋ ਇਸ ਉਪਰੰਤ ਉਪ ਡਾਇਰੈਕਟਰ ਬਾਗ਼ਬਾਨੀ ਪਟਿਆਲਾ ਵੱਲੋਂ ਤੇ ਉਹਨਾਂ ਦੀ ਸਹਿਯੋਗੀ ਟੀਮ ਵੱਲੋਂ ਆਈ ਜਪਾਨ ਦੀ ਦੀ ਮਹਿਮਾਨ ਸਰਵੇ ਟੀਮ ਦਾ ਧੰਨਵਾਦ ਕੀਤਾ ਗਿਆ।

ਕੇਂਦਰੀ ਖੇਡ ਮੰਤਰਾਲੇ ਦੇ ਸਕੱਤਰ ਸੁਜਾਤਾ ਚਤੁਰਵੇਦੀ ਵੱਲੋਂ ਐਨ.ਆਈ.ਐਸ ਵਿਖੇ ਯੋਗਾ ਤੇ ਖੇਡ ਵਿਗਿਆਨ ਵਿਸ਼ੇ 'ਤੇ ਅੰਤਰਰਾਸ਼ਟਰੀ ਕਾਨਫਰੰਸ ਦਾ ਉਦਘਾਟਨ

ਪਟਿਆਲਾ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਨੇਤਾ ਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ, ਪਟਿਆਲਾ ਵਿਖੇ ÷ਸਿਖਰਲੇ ਪ੍ਰਦਰਸ਼ਨ ਲਈ ਯੋਗ ਨੂੰ ਖੇਡ ਵਿਗਿਆਨ ਨਾਲ ਜੋੜਦੇ ਹੋਏ ਸਿਖਰਲੇ ਪ੍ਰਦਰਸ਼ਨ ਲਈ ਤਾਲਮੇਲ÷ ਵਿਸ਼ੇ 'ਤੇ ਅੰਤਰਰਾਸ਼ਟਰੀ ਕਾਨਫਰੰਸ ਇਸ ਦਾ ਉਦਘਾਟਨ ਸਪੋਰਟਸ ਅਥਾਰਟੀ ਆਫ਼ ਇੰਡੀਆ ਦੇ ਡਾਇਰੈਕਟਰ ਜਨਰਲ ਅਤੇ ਕੇਂਦਰੀ ਖੇਡ ਤੇ ਯੁਵਾ ਮਾਮਲੇ ਮੰਤਰਾਲੇ ਦੇ ਸਕੱਤਰ ਸ੍ਰੀਮਤੀ ਸੁਜਾਤਾ ਚਤੁਰਵੇਦੀ ਅਤੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੇ ਸੰਯੁਕਤ ਸਕੱਤਰ ਡਾ: ਸ਼ੋਭਿਤ ਜੈਨ ਨੇ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਸੁਜਾਤਾ ਚਤੁਰਵੇਦੀ ਨੇ ਕਿਹਾ ਕਿ ਦੇਸ਼ ਵਿੱਚ ਅਪ੍ਰੈਲ ਮਹੀਨੇ ਯੋਗਾ ਦੀ ਏਸ਼ੀਅਨ ਚੈਂਪੀਅਨਸ਼ਿਪ ਕਰਵਾਈ ਜਾ ਰਹੀ ਹੈ, ਜਿਸ ਵਿੱਚ 16 ਦੇਸ਼ਾਂ ਤੋਂ ਖਿਡਾਰੀ ਹਿੱਸਾ ਲੈਣਗੇ। ਉਨ੍ਹਾਂ ਕਿਹਾ ਕਿ ਯੋਗਾ ਅਜਿਹੀ ਪੱਧਤੀ ਹੈ, ਜੋ ਕਿ ਤਨ ਤੇ ਮਨ ਨੂੰ ਸ਼ਾਂਤ ਤੇ ਨਿਰੋਗ ਕਰਦੀ ਹੈ, ਇਸ ਲਈ ਹਰੇਕ ਖਿਡਾਰੀ ਸਮੇਤ ਹਰੇਕ ਨਾਗਰਿਕ ਨੂੰ ਯੋਗਾ ਜਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਕੌਮਾਂਤਰੀ ਕਾਨਫਰੰਸ ਅਹਿਮ ਸਿੱਟੇ ਕੱਢੇਗੀ ਜਿਨ੍ਹਾਂ ਨੂੰ ਸਾਈ ਵੱਲੋਂ ਲਾਗੂ ਕੀਤਾ ਜਾਵੇਗਾ।

ਕਾਨਫਰੰਸ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਯੋਗਾ ਮਾਹਿਰ, ਵਿਗਿਆਨੀ, ਖੋਜਕਰਤਾ ਅਤੇ ਅਭਿਆਸੀਆਂ ਸਮੇਤ ਹਾਰਵਰਡ ਯੂਨੀਵਰਸਿਟੀ, ਅਮਰੀਕਾ ਤੋਂ ਐਸੋਸੀਏਟ ਪ੍ਰੋਫੈਸਰ ਡਾ. ਸਤਬੀਰ ਸਿੰਘ ਖ਼ਾਲਸਾ, ਨਰਲ ਸਕੱਤਰ, ਯੋਗਾਸਨ ਇੰਡੀਆ ਅਤੇ ਵਿਸ਼ਵ ਯੋਗਾਸਨ ਚੇਅਰਮੈਨ ਡਾ. ਜੈਦੀਪ ਆਰੀਆ ਸਮੇਤ ਵਰਲਡ ਯੋਗਆਸਨਾ ਦੇ ਵਾਇਸ ਪ੍ਰੈਜੀਡੈਂਟ ਡਾ. ਸੰਜੇ ਮਾਲਪਾਨੀ ਆਦਿ ਵਿਦਵਾਨਾਂ ਨੇ ਸ਼ਿਰਕਤ ਕੀਤੀ।

ਨੇਤਾ ਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਦੇ ਸੀਨੀਅਰ ਕਾਰਜਕਾਰੀ ਡਾਇਰੈਕਟਰ ਵਿਨੀਤ ਕੁਮਾਰ ਇਸ ਕਾਨਫਰੰਸ ਵਿੱਚ ਹਿਸਾ ਲੈਣ ਵਾਲੇ ਪਤਵੰਤਿਆਂ ਅਤੇ ਯੋਗਾਸਨ ਮਾਹਿਰਾਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਇਸ ਦੋ ਦਿਨਾਂ ਕਾਨਫਰੰਸ ਵਿੱਚ 250 ਸ਼ਖ਼ਸੀਅਤਾਂ ਸਮੇਤ 35 ਦੇ ਕਰੀਬ ਬੁਲਾਰੇ ਸ਼ਿਰਕਤ ਕਰ ਰਹੇ ਸਨ।

ਉਨ੍ਹਾਂ ਦੱਸਿਆ ਕਿ ਇਹ ਕਾਨਫਰੰਸ ਖੇਡ ਵਿਗਿਆਨੀਆਂ, ਯੋਗਾ ਮਾਹਿਰਾਂ, ਟ੍ਰੇਨਰਾਂ ਅਤੇ ਵਿਦਿਆਰਥੀਆਂ ਨੂੰ ਬਿਹਤਰ ਨਤੀਜਿਆਂ ਲਈ ਖੇਡਾਂ ਦੀ ਸਿਖਲਾਈ ਅਤੇ ਰਿਕਵਰੀ ਪ੍ਰਕਿਰਿਆਵਾਂ ਵਿੱਚ ਯੋਗਾ ਨੂੰ ਕਿਵੇਂ ਸ਼ਾਮਲ ਕਰਨਾ ਹੈ ਇਸ ਬਾਰੇ ਸੂਝ, ਖੋਜ ਖੋਜਾਂ ਅਤੇ ਵਿਹਾਰਕ ਤਰੀਕਿਆਂ ਦਾ ਆਦਾਨ-ਪ੍ਰਦਾਨ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰ ਰਿਹਾ ਹੈ। ਇਸ ਦੌਰਾਨ ਕੌਮੀ ਤੇ ਕੌਮਾਂਤਰੀ ਮਾਹਰਾਂ ਨੇ ਚਰਚਾ ਕਰਦਿਆਂ ਦੱਸਿਆ ਕਿ ਖੇਡ ਵਿਗਿਆਨ ਦੇ ਨਾਲ ਯੋਗਾ ਦਾ ਏਕੀਕਰਨ ਉੱਚ ਪ੍ਰਦਰਸ਼ਨ ਵਾਲੇ ਐਥਲੈਟਿਕਸ ਦੇ ਖੇਤਰ ਵਿੱਚ ਤੇਜ਼ੀ ਨਾਲ ਮਹੱਤਵਪੂਰਨ ਹੁੰਦਾ ਜਾ ਰਿਹਾ ਹੈ, ਕਿਉਂਕਿ ਇਹ ਅਥਲੀਟ ਦੀ ਸਮਰੱਥਾ ਨੂੰ ਵੱਧ ਤੋਂ ਵੱਧ ਕਰਨ ਵਿੱਚ ਮਦਦ ਕਰਦਾ ਹੈ, ਜਦਕਿ ਉਹਨਾਂ ਦੀ ਸਮੁੱਚੀ ਸਿਹਤ ਨੂੰ ਯਕੀਨੀ ਬਣਾਉਂਦਾ ਹੈ।

ਕਿਸ਼ੋਰ ਸਿੱਖਿਆ ਪ੍ਰੋਗਰਾਮ ਤਹਿਤ ਪੇਂਟਿੰਗ ਮੁਕਾਬਲੇ

ਬਰਨਾਲਾ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਐਸ ਸੀ ਈ ਆਰ ਟੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਸ਼੍ਰੀਮਤੀ ਮਲਕਾ ਰਾਣੀ ਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਸ. ਬਰਜਿੰਦਰ ਪਾਲ ਸਿੰਘ ਦੀ ਅਗਵਾਈ ਵਿੱਚ ਕਿਸ਼ੋਰ ਸਿੱਖਿਆ ਪ੍ਰੋਗਰਾਮ ਤਹਿਤ ਨੈਸ਼ਨਲ ਯੂਥ ਡੇ ਸਬੰਧੀ ਪੇਂਟਿਗ ਮੁਕਾਬਲੇ ਅੱਜ ਤਰਕਸ਼ੀਲ ਭਵਨ ਵਿੱਚ ਕਰਵਾਏ ਗਏ। ਕਿਸ਼ੋਰ ਸਿੱਖਿਆ ਪ੍ਰੋਗਰਾਮ ਦੇ ਜ਼ਿਲ੍ਹਾ ਕੋਆਰਡੀਨੇਟਰ ਸ. ਰੁਪਿੰਦਰ ਸਿੰਘ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਜ਼ਿਲ੍ਹੇ ਦੇ ਲਗਭਗ 100 ਵਿਦਿਆਰਥੀਆਂ ਨੇ ਹਿੱਸਾ ਲਿਆ।

ਇਸ ਮੌਕੇ ਸਕੂਲਾਂ ਦੇ ਕਿਸ਼ੋਰ ਸਿੱਖਿਆ ਪ੍ਰੋਗਰਾਮ ਦੇ ਨੋਡਲ ਅਫ਼ਸਰਾਂ ਦੇ ਸੈਮੀਨਾਰ ਵੀ ਕਰਵਾਏ ਗਏ । ਜਿਸ ਵਿੱਚ ਜ਼ਿਲ੍ਹੇ ਦੇ ਲਗਭਗ 100 ਅਧਿਆਪਕਾਂ ਨੇ ਭਾਗ ਲਿਆ।ਇਸ ਸੈਮੀਨਾਰ ਦੇ ਰਿਸੋਰਸ ਪਰਸਨਜ ਡਾ.ਹਰੀਸ਼ ਕੁਮਾਰ, ਸ਼੍ਰੀਮਤੀ ਅਮਰਿੰਦਰ ਕੌਰ ਅਤੇ ਸ੍ਰੀਮਤੀ ਨਮਰਇਤਾ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਕਿਸ਼ੋਰ ਅਵਸਥਾ ਦੌਰਾਨ ਆਉਣ ਵਾਲੀਆਂ ਸਮੱਸਿਆਵਾਂ ਦਾ ਹੱਲ ਬਹੁਤ ਜ਼ਰੂਰੀ ਹੈ। ਇਸ ਮੌਕੇ ਮੈਡਮ ਨਮਰਇਤਾ ਨੇ ਸਵਾਮੀ ਵਿਵੇਕਾਨੰਦ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਇਸ ਉਪਰੰਤ ਪੇਂਟਿਗ ਮੁਕਾਬਲੇ ਦੇ ਨਤੀਜੇ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਮਿਡਲ ਵਰਗ ਵਿੱਚੋਂ ਸਰਕਾਰੀ ਮਿਡਲ ਸਕੂਲ ਧਨੌਲਾ ਖੁਰਦ ਨੇ ਪਹਿਲਾ ਸਥਾਨ, ਸਰਕਾਰੀ ਮਿਡਲ ਸਕੂਲ ਸੰਘਰਪਤੀ ਧਨੌਲਾ ਨੇ ਦੂਸਰਾ ਸਥਾਨ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲੇ ਕੇ ਨੇ ਤੀਸਰਾ ਸਥਾਨ ਹਾਸਿਲ ਕੀਤਾ। ਹਾਈ ਵਰਗ ਵਿੱਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲੇ ਗਏ ਨੇ ਪਹਿਲਾ ਸਥਾਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੈਣੀ ਮਹਿਰਾਜ ਨੇ ਦੂਸਰਾ ਸਥਾਨ ਅਤੇ ਸਰਕਾਰੀ ਹਾਈ ਸਕੂਲ ਚੌਹਾਨ ਕੇ ਖੁਰਦ ਨੇ ਤੀਸਰਾ ਸਥਾਨ ਹਾਸਿਲ ਕੀਤਾ। ਸੀਨੀਅਰ ਸੈਕੰਡਰੀ ਵਰਗ ਵਿੱਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੌਲਾ (ਮੁੰਡੇ) ਨੇ ਪਹਿਲਾ ਸਸਥਾਨ, ਸਕੂਲ ਆਫ ਐਮੀਨੈਂਸ ਭਦੌੜ ਨੇ ਦੂਸਰਾ ਸਥਾਨ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛੀਨੀਵਾਲ ਕਲਾਂ ਨੇ ਤੀਸਰਾ ਸਥਾਨ ਹਾਸਿਲ ਕੀਤਾ। ਉਪ ਜ਼ਿਲ੍ਹਾ ਸਿੱਖਿਆ ਅਫਸਰ ਸ.ਬਰਜਿੰਦਰ ਪਾਲ ਸਿੰਘ ਨੇ ਉਕਤ ਸਕੂਲਾਂ ਨੂੰ ਸਰਟੀਫਿਕੇਟ ਅਤੇ ਟਰਾਫੀ ਦੇ ਨਾਲ ਕਰਮਵਾਰ 3000 ਰੁਪਏ, 1500 ਰੁਪਏ ਅਤੇ 1000 ਰੁਪਏ ਇਨਾਮ ਨਾਲ ਸਨਮਾਨਿਤ ਕੀਤਾ।

ਇਸ ਮੌਕੇ ਸੁਖਪਾਲ ਸਿੰਘ, ਅਜੀਤ ਪਾਲ ਸਿੰਘ, ਚੇਤਵੰਤ ਸਿੰਘ, ਰਾਜੇਸ਼ ਕੁਮਾਰ, ਰੋਹਿਤ ਸਿੰਗਲਾ ਨੇ ਪ੍ਰਬੰਧਕ ਦੀ ਡਿਊਟੀ ਨਿਭਾਈ ਅਤੇ ਦਿਲਪ੍ਰੀਤ ਸਿੰਘ, ਅਮਨਦੀਪ ਬੱਤਾ ਅਤੇ ਸੰਦੀਪ ਕੌਰ ਨੇ ਜਜਮੈਂਟ ਦੀ ਡਿਊਟੀ ਨਿਭਾਈ।

ਸ੍ਰੀ ਸ਼ਿਆਮ ਪਰਿਵਾਰ ਸੰਘ ਵੱਲੋਂ ਚੌਥੀ ਵਿਸ਼ਾਲ ਨਿਸ਼ਾਨ ਯਾਤਰਾ 28 ਮਾਰਚ ਨੂੰ

ਸਮਾਣਾ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਸ਼ਿਆਮ ਪਰਿਵਾਰ ਸੰਘ ਸਮਾਣਾ ਵੱਲੋਂ ਸ੍ਰੀ ਸ਼ਿਆਮ ਫਾਲਗੁਨ ਮੋਹਤਸਵ ਸਬੰਧੀ ਵਿਸ਼ਾਲ ਨਿਸ਼ਾਨ ਸ਼ੋਭਾ ਯਾਤਰਾ ਕੱਢੀ ਜਾ ਰਹੀ ਹੈ। ਇਹ ਸ਼ੋਭਾ ਯਾਤਰਾ 28 ਮਾਰਚ ਦਿਨ ਸ਼ੁੱਕਰਵਾਰ ਨੂੰ ਸਵੇਰੇ 9:15 ਵਜੇ ਸਥਾਨਕ ਸ੍ਰੀ ਅਗਰਵਾਲ ਧਰਮਸ਼ਾਲਾ ਵਿਖੇ ਤੋਂ ਰਵਾਨਾ ਹੋਵੇਗੀ। ਇਸ ਨਿਸ਼ਾਨ ਯਾਤਰਾ ਨੂੰ ਲੈ ਕੇ ਸਮਾਣਾ ਵਿੱਚ ਜ਼ੋਰਦਾਰ ਤਿਆਰੀਆਂ ਚੱਲ ਰਹੀਆਂ ਹਨ।

ਸ਼ੋਭਾ ਯਾਤਰਾ ਵਿੱਚ ਸਮਾਣਾ ਦੀਆਂ ਰਾਜਨੀਤਿਕ, ਸਮਾਜ ਸੇਵੀ ਸਖ਼ਸੀਅਤਾਂ ਤੋ ਇਲਾਵਾ ਪੁਲਸ ਪ੍ਰਸ਼ਾਸਨਿਕ ਅਧਿਕਾਰੀ ਵੀ ਸ਼ਰਧਾਲੂਆਂ ਨਾਲ ਹਾਜ਼ਰੀ ਭਰਨਗੇਂ। ਇਹ ਨਿਸ਼ਾਨ ਸ਼ੋਭਾ ਯਾਤਰਾ ਸ੍ਰੀ ਅਗਰਵਾਲ ਧਰਮਸ਼ਾਲਾ ਤੋਂ ਰਵਾਨਾ ਹੁੰਦੀ ਹੋਈ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਦੀ ਲੰਘਦੀ ਹੋਈ ਮੇਨ ਰੋਡ ਹੁੰਦੀ ਹੋਈ ਵਾਪਸ ਸ੍ਰੀ ਅਗਰਵਾਲ ਧਰਮਸ਼ਾਲਾ ਵਿਖੇ ਸਮਾਪਤ ਹੋਵੇਗੀ। ਇਸ ਸਬੰਧੀ ਪਰਿਵਾਰ ਸੰਘ ਮੈਂਬਰਾਂ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਨਿਸ਼ਾਨ ਯਾਤਰਾ ਵਿੱਚ ਸੈਂਕੜਿਆਂ ਦੀ ਗਿਣਤੀ 'ਚ ਸ਼ਮੂਲੀਅਤ ਕਰਨ ਵਾਲੇ ਸ਼ਰਧਾਲੂ ਸ੍ਰੀ ਖਾਟੂ ਸ਼ਿਆਮ ਜੀ ਦਾ ਨਿਸ਼ਾਨ ਝੰਡਾ ਚੁੱਕੀ ਉਨਾਂ ਦੀ ਜੈ-ਜੈ ਕਰਦੇ ਹਾਜ਼ਰੀ ਲਗਵਾਉਣਗੇ। ਇਸ ਯਾਤਰਾ ਦੀ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਪਰਿਵਾਰ ਸੰਘ ਦੇ ਮੈਂਬਰ ਤਿਆਰੀਆਂ ਮੁਕੰਮਲ ਕਰਨ ਲਈ ਦਿਨ ਰਾਤ ਲੱਗੇ ਹੋਏ ਹਨ। ਇਸ ਯਾਤਰਾ ਦਾ ਸਮਾਣਾ ਵਿਖੇ ਦਰਜਨਾਂ ਥਾਵਾਂ 'ਤੇ ਨਿੱਘਾ ਸਵਾਗਤ ਹੋਵੇਗਾ। ਉਨਾਂ ਸ਼ਹਿਰ ਵਾਸੀਆਂ ਨੂੰ ਵੀ ਇਸ ਸਮਾਗਮ ਦੇ ਪ੍ਰਬੰਧਾਂ ਵਿੱਚ ਵੱਧ ਚੜ ਕੇ ਸਹਿਯੋਗ ਦੇਣ ਲਈ ਅਪੀਲ ਕੀਤੀ। ਅੱਜ ਪਰਿਵਾਰ ਸੰਘ ਵੱਲੋਂ ਹਲਕਾ ਵਿਧਾਇਕ ਚੇਤਨ ??? ਜੋੜਾਮਾਜਰਾ,ਐਸ.ਡੀ.ਐਮ. ਸਮਾਣਾ, ਪੁਲਸ ਉਪਕਪਤਾਨ ਜੀ.ਐਸ.ਸਿਕੰਦ, ਨਗਰ ਕੌਂਸ਼ਲ ਕਾਰਜ ਸਾਧਕ ਅਫਸਰ ਬਰਜਿੰਦਰ ਸਿੰਘ, ਨਾਇਬ ਤਹਿਸੀਲਦਾਰ ਅਰਮਾਨ ਸਮੇਤ ਪੁਲਸ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਸੱਦਾ ਪੱਤਰ ਦਿੱਤਾ ਗਿਆ। ਇਸ ਮੌਕੇ ਪ੍ਰਧਾਨ ਰਾਕੇਸ਼ ਜਿੰਦਲ, ਜੀਵਨ ਗਰਗ, ਅਜੇ ਜਿੰਦਲ, ਪਵਨ ਕੁਮਾਰ, ਜਨਕ ਰਾਜ, ਬਿੱਟੂ, ਰਾਕੇਸ਼ ਕੋਸ਼ਿਕ, ਜਤਿਨ ਜਿੰਦਲ ਕਾਕੂ, ਮੰਗਤ ਸਿੰਗਲਾ ਅਤੇ ਰਾਕੇਸ ਗਰਗ ਆਦਿ ਵੀ ਹਾਜ਼ਰ ਸਨ।

ਵਿਸ਼ਵ ਜੰਗਲਾਤ ਦਿਵਸ 2025 ਮੌਕੇ ਲੁਧਿਆਣਾ ਦੇ ਜੰਗਲੀ ਦ

ਹਰਿਆਣਾ ਵਿਧਾਨ ਸਭਾ ਵਿਚ ਸੀਨੀਅਰ ਮੰਤਰੀ ਅਨਿਲ ਵਿਜ ਦਾ ਸਦਨ ਦੇ ਮੈਂਬਰ ਹੁੱਡਾ ਨੂੰ ਸਖਤ ਜਵਾਬ

ਚੰਡੀਗੜ੍ਹ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਹਰਿਆਣਾ ਦੇ ਕਿਰਤ, ਟ੍ਰਾਂਸਪੋਰਟ ਅਤੇ ਉਰਜਾ ਮੰਤਰੀ ਸ੍ਰੀ ਅਨਿਲ ਵਿਜ ਨੇ ਕਾਂਗਰਸ ਦੇ ਸੀਨੀਅਰ ਨੇਤਾ ਸ੍ਰੀ ਹੁਡਾ ਦੇ ਬਿਆਨਾਂ ਦਾ ਸਖਤ ਜਵਾਬ ਦਿੱਤਾ। ਹਰਿਆਣਾ ਵਿਧਾਨਸਭਾ ਵਿਚ ਅੱਜ ਬਜਟ ਸੈਸ਼ਨ ਦੌਰਾਨ ਬਹਿਸ ਉਦੋਂ ਸ਼ੁਰੂ ਹੋਈ ਜਦੋਂ ਸ੍ਰੀ ਹੁਡਾ ਨੈ ਸੂਬਾ ਸਰਕਾਰ ਦੀ ਕਰਜ ਅਤੇ ਖਰਚਿਆਂ ਨੂੰ ਘੱਟ ਕਰਨ ਦੀ ਨੀਤੀਆਂ ’ਤੇ ਸੁਆਲ ਚੁੱਕੇ।

ਸ੍ਰੀ ਅਨਿਲ ਵਿਜ ਨੇ ਕਿਹਾ, ਹੁਡਾ ਸਾਹਬ ਕਰਜ ਘੱਟ ਕਰਨ ਅਤੇ ਖਰਚਿਆਂ ਵਿਚ ਕਟੌਤੀ ਦੀ ਗੱਲ ਤਾਂ ਕਰਦੇ ਹਨ, ਪਰ ਇਹ ਸਪਸ਼ਟ ਨਹੀਂ ਕਰਦੇ ਕਿ ਸਿਖਿਆ, ਸਿਹਤ, ਟ੍ਰਾਂਸਪੋਰਟ ੧੦ ਕਿਸੇ ਹੋਰ ਸੇਵਾ ਵਿਚ ਕਿੱਥੇ-ਕਿੱਥੇ ਖਰਚ ਘੱਟ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਸਿਰਫ ਵਿਸ਼ਾ ਚੁੱਕਣ ਨਾਲ ਗੱਲ ਨਹੀਂ ਬਣਦੀ, ਇਸ ਦੇ ਲਈ ਠੋਸ ਸੁਝਾਅ ਅਤੇ ਹੱਲ ਵੀ ਬਨਾਉਣਾ ਜਰੂਰੀ ਹੈ। ਸਦਨ ਵਿਚ ਬੋਲਣ ਨੂੰ ਲੈ ਕੇ ਸ੍ਰੀ ਵਿਜ ਨੇ ਜਵਾਬ ਦਿੱਤਾ, ਮੈਨੂੰ ਜਨਤਾ ਨੇ ਚੁਣਿਆ ਹੈ ਅਤੇ ਮੈਨੂੰ ਬੋਲਣ ਦਾ ਪੂਰਾ ਅਧਿਕਾਰ ਹੈ।

ਇਸ ਤੋਂ ਇਲਾਵਾ, ਸਦਨ ਵਿਚ ਹਰਿਆਣਾ ਖੇਡਕੂਦ ਯੂਨੀਵਰਸਿਟੀ ਸੋਧ ਬਿੱਲ ਦਾ ਪ੍ਰਸਤਾਵ ਵੀ ਪੇਸ਼ ਹੋਇਆ। ਇਸ ’ਤੇ ਸ੍ਰੀ ਅਨਿਲ ਵਿਜ ਨੇ ਕਿਹਾ, ਅਸੀਂ ਇਸ ਪ੍ਰਸਤਾਵ ਦਾ ਸਮਰਥਨ ਕਰਦੇ ਹਨ ਅਤੇ ਇਹ ਯਕੀਨੀ ਕਰਾਂਗੇ ਕਿ ਸਪੋਰਟਸ ਪਰਸਨ ਨੂੰਵਾਇਸ ਚਾਂਸਲਰ ਬਣਾਇਆ ਜਾਵੇ, ਤਾਂ ਜੋ ਖੇਡਕੂਲ ਦੇ ਖੇਤਰ ਨੂੰ ਸਹੀ ਦਿਸ਼ਾ ਮਿਲ ਸਕੇ। ਉਹ ਕਾਂਗਰਸ ਵਿਧਾਇਕ ਸ੍ਰੀ ਬੀਬੀ ਬਤਰਾ ਦੇ ਉਸ ਸੁਝਾਅ ਦਾ ਜਵਾਬ ਦੇ ਰਹੇ ਸਨ, ਜਿਸ ਵਿਚ ਬਤਰਾ ਨੇ ਸਪੋਰਟਸ ਪਰਸਨ ਨੂੰ ਵਾਇਸ ਚਾਂਸਲਰ ਬਨਾਉਣ ਦੀ ਗੱਲ ਕਹੀ ਸੀ।

ਡਬਲ ਇੰਜਨ ਦੀ ਸਰਕਾਰ ਲੋਕਾਂ ਦੇ ਜੀਵਨ ਨੂੰ ਸਰਲ ਬਨਾਉਣ ਲਈ ਲਗਾਤਾਰ ਕਰ ਰਹੀ ਕੰਮ : ਨਾਇਬ ਸੈਣੀ

ਚੰਡੀਗੜ੍ਹ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਪ੍ਰਧਾਨ ਮੰਤਰੀ ਗ੍ਰਾਮੀਣ ਆਵਾਸ ਯੋਜਨਾ ਤਹਿਤ ਆਪਣਾ ਪੱਕਾ ਮਕਾਨ ਬਨਾਉਣ ਲਈ ਆਰਥਕ ਸਹਾਇਤਾ ਵਜੋਂ ਸੂਬੇ ਦੇ 36000 ਯੋਗ ਪਰਿਵਾਰਾਂ ਦੇ ਖਾਤਿਆਂ ਵਿਚ 151 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਜਾਰੀ ਕੀਤੀ। ਯੋਜਨਾ ਦੇ ਤਹਿਤ ਪਹਿਲੀ ਕਿਸ਼ਤ ਵਜੋਂ ਹਰੇਕ ਯੋਗ ਪਰਿਵਾਰ ਨੂੰ ਮਕਾਨ ਬਨਾਉਣ ਲਈ 45000-45000 ਰੁਪਏ ਦੀ ਰਕਮ ਟ੍ਰਾਂਸਫਰ ਕੀਤੀ ਗਈ।

ਮੁੱਖ ਮੰਤਰੀ ਵੱਲੋਂ ਇਹ ਰਕਮ ਅੱਜ ਹਰਿਆਣਾ ਵਿਧਾਨਸਭਾ ਵਿਚ ਚੱਲ ਰਹੇ ਬਜਟ ਸੈਸ਼ਨ ਦੌਰਾਨ ਪ੍ਰਬੰਧਿਤ ਇੱਕ ਪ੍ਰੋਗਰਾਮ ਵਿਚ ਜਾਰੀ ਕੀਤੀ ਗਈ। ਪ੍ਰੋਗਰਾਮ ਵਿਚ ਸਾਰੇ ਜਿਲ੍ਹਾ ਡਿਪਟੀ ਕਮਿਸ਼ਨਰ ਅਤੇ ਜਿਲ੍ਹਾ ਪਰਿਸ਼ਦ ਦੇ ਮੁੱਖ ਕਾਰਜਕਾਰੀ ਅਧਿਕਾਰੀ ਆਨਲਾਇਨ ਜੁੜੇ। ਸ੍ਰੀ ਨਾਇਬ ਸਿੰਘ ਸੈਣੀ ਨੇ ਸਾਰੇ ਲਾਭਕਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਗਰੀਬ ਵਿਅਕਤੀ ਦਾ ਸਪਨਾ ਹੁੰਦਾ ਹੈ ਕਿ ਉਨ੍ਹਾਂ ਦਾ ਆਪਣਾ ਘਰ ਹੋਵੇ। ਅੱਜ ਇਸ ਪ੍ਰੋਗਰਾਮ ਰਾਹੀਂ ਸੂਬੇ ਵਿਚ 36000 ਘਰ ਬਨਣ ਦੀ ਸ਼ੁਰੂਆਤ ਹੋ ਰਹੀ ਹੈ। ਅੱਜ ਦਾ ਇਹ ਦਿਨ ਇੰਨ੍ਹਾਂ ਸਾਰੇ ਪਰਿਵਾਰਾਂ ਦੇ ਬਿਹਤਰ ਭਵਿੱਖ ਦਾ ਅਧਿਆਏ ਬਣੇਗਾ। ਜਦੋਂ ਲੋਕ ਅੱਗੇ ਵੱਧਣਗੇ ਤਾਂ ਦੇਸ਼ ਅਤੇ ਸੂਬਾ ਵੀ ਤਰੱਕੀ ਕਰੇਗਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਆਪਣੇ ਸੰਕਲਪ ਪੱਤਰ ਵਿਚ ਵਾਇਦਾ ਕੀਤਾ ਸੀ ਕਿ ਸੂਬੇ ਵਿਚ ਸ਼ਹਿਰਾਂ ਅਤੇ ਪਿੰਡ ਵਿਚ ਗਰੀਬ ਪਰਿਵਾਰਾਂ ਨੂੰ 5 ਲੱਖ ਆਵਾਸ ਉਪਲਬਧ ਕਰਾਉਣਗੇ। ਅੱਜ ਡਬਲ ਇੰਜਨ ਦੀ ਸਰਕਾਰ ਇਸ ਦਿਸ਼ਾ ਵਿਚ ਸਫਲ ਕਦਮ ਵਧਾ ਰਹੀ ਹੈ। ਉਨ੍ਹਾਂ ਨੇ ਉਦਾਹਰਣ ਦਿੰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਹਰ ਪਰਿਵਾਰ ਨੂੰ ਪੱਕਾ ਮਕਾਨ ਉਪਲਬਧ ਕਰਵਾਉਣ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਚਲਾਈ ਹੈ। ਇਸ ਨੂੰ ਹੋਰ ਤੇਜੀ ਦਿੰਦੇ ਹੋਏ ਸੂਬੇ ਵਿਚ ਮੁੱਖ ਮੰਤਰੀ ਆਵਾਸ ਯੋਜਨਾ ਲਾਗੂ ਕੀਤੀ ਜਾ ਰਹੀ ਹੈ। ਜਿੱਥੇ ਮੁੱਖ ਮੰਤਰੀ ਆਵਾਸ

ਯੋਜਨਾ ਤਹਿਤ ਸੂਬਾ ਸਰਕਾਰ ਵੱਲੋਂ ਘਰ ਦਾ ਸਪਨਾ ਸਾਕਾਰ ਕਰਨ ਲਈ ਪਲਾਟ ਉਪਲਬਧ ਕਰਵਾਏ ਜਾ ਰਹੇ ਹਨ, ਉੱਥੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਮਕਾਨ ਬਨਾਉਣ ਲਈ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਡਬਲ ਇੰਜਨ ਦੀ ਸਰਕਾਰ ਲੋਕਾਂ ਦੇ ਜੀਵਨ ਨੂੰ ਸਰਲ ਬਨਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ-ਗ੍ਰਾਮੀਣ ਦੇ ਤਹਿਤ ਗ੍ਰਾਮੀਣ ਆਂਚਲ ਵਿਚ 28815 ਲਾਭਕਾਰਾਂ ਨੂੰ ਮਕਾਨ ਬਣਾ ਕੇ ਦਿੱਤੇ ਜਾ ਚੁੱਕੇ ਹਨ ਅਤੇ 4238 ਮਕਾਨ ਨਿਰਮਾਣਧੀਨ ਹੈ। ਇਸ ਦੇ ਲਈ ਲਾਭਕਾਰਾਂ ਨੂੰ 414 ਕਰੋੜ 32 ਲੱਖ ਰੁਪਏ ਦੀ ਆਰਥਕ ਸਹਾਇਤਾ ਉਪਲਬਧ ਕਰਵਾਈ ਗਈ ਹੈ। ਇਸੀ ਤਰ੍ਹਾ, ਮੁੱਖ ਮੰਤਰੀ ਗ੍ਰਾਮੀਣ ਆਵਾਸ ਯੋਜਨਾ 2.0 ਤਹਿਤ 62 ਪਿੰਡ ਵਿਚ 4532 ਲਾਭਕਾਰਾਂ ਨੂੰ 100-100 ਗਜ ਦੇ ਪਲਾਟ ਉਪਲਬਧ ਕਰਵਾਏ ਗਏ ਹਨ। ਉਨ੍ਹਾਂ ਨੇ ਕਿਹਾ ਕਿ ਪਿੰਡ ਵਿਚ ਜੋ ਯੋਗ ਪਰਿਵਾਰ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਲਾਭ ਨਹੀਂ ਲੈ ਪਾਏ ਉਨ੍ਹਾਂ ਦੇ ਲਈ ਪੋਰਟਲ ਖੋਲ ਦਿੱਤਾ ਗਿਆ ਹੈ। ਅਜਿਹੇ ਪਰਿਵਾਰ ਪੋਰਟਲ ’ਤੇ ਰਜਿਸਟ੍ਰੇਸ਼ਣ ਕਰ ਕੇ ਆਪਣੇ ਪੱਕੇ ਮਕਾਨ ਦੇ ਸਪਨੇ ਨੂੰ ਪੂਰਾ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ-ਗ੍ਰਾਮੀਣ ਤਹਿਤ ਇਹ ਰਜਿਸਟ੍ਰੇਸ਼ਣ ਵੀ ਸ਼ੁਰੂ ਹੋ ਗਿਆ ਹੈ।

ਇਸੀ ਤਰ੍ਹਾ, ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰਾਂ ਦੇ ਤਹਿਤ 76141 ਲਾਭਕਾਰਾਂ ਨੂੰ ਮਕਾਨ ਬਨਾਉਣ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਮੁੱਖ ਮੰਤਰੀ ਆਵਾਸ ਯੋਜਨਾ-ਸ਼ਹਿਰਾਂ ਤਹਿਤ 14 ਸ਼ਹਿਰਾਂ ਵਿਚ 15256 ਪਰਿਵਾਰਾਂ ਨੂੰ ਪੱਕੇ ਮਕਾਨ ਬਨਾਉਣ ਲਈ 30-30 ਗਜ ਦੇ ਪਲਾਟ ਉਪਲਬਧ ਕਰਵਾਏ ਗਏ ਹਨ। ਇੰਨ੍ਹਾਂ ਵਿਚ ਸੀਵਰੇਜ, ਪਾਣੀ, ਸੜਕ, ਬਿਜਲੀ ਆਦਿ ਵਰਗੀ ਬੁਨਿਆਦੀ ਸਹੂਲਤਾਂ ਉਪਲਬਧ ਕਰਵਾਉਣ ਦੀ ਦਿਸ਼ਾ ਵਿਚ ਯਤਨ ਜਾਰੀ ਹਨ। ਉਨ੍ਹਾਂ ਨੇ ਕਿਹਾ ਕਿ 16 ਸ਼ਹਿਰਾਂ ਵਿਚ 15696 ਪਲਾਟ ਯੋਗ ਲਾਭਕਾਰਾਂ ਨੂੰ ਉਪਲਬਧ ਕਰਵਾਉਣ ਲਈ 17 ਮਾਰਚ 2025 ਤੋਂ ਬੁਕਿੰਗ ਪੋਰਟਲ ਖੋਲ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ 2.0 ਸ਼ਹਿਰੀ ਤਹਿਤ ਇੱਕ ਲੱਖ ਲੋਕਾਂ ਨੇ ਬਿਨੈ ਕੀਤਾ ਹੈ ਜਿਸ ਦੀ ਵੈਰੀਫਿਕੇਸ਼ਨ ਦਾ ਕੰਮ ਚੱਲ ਰਿਹਾ ਹੈ ਅਤੇ ਜਲਦੀ ਹੀ ਯੋਗ ਨੂੰ ਮਕਾਨ ਬਨਾਉਣ ਦੇ ਲਈ ਵਿੱਤੀ ਸਹਾਇਤਾ ਉਪਲਬਧ ਕਰਵਾਈ ਜਾਵੇਗੀ।

ਪ੍ਰਵਾਸੀ ਮਜਦੂਰਾਂ ਨੂੰ ਉਦਯੋਗਿਕ ਖੇਤਰ ਵਿਚ ਆਵਾਸ ਦੇਣ ਦੀ ਨੀਤੀ ਤਹਿਤ ਕੰਮ ਜਾਰੀ

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪ੍ਰਵਾਸੀ ਮਜਦੂਰਾਂ ਨੂੰ ਉਦਯੋਗਿਕ ਖੇਤਰ ਵਿਚ ਆਵਾਸ ਦੇਣ ਦੀ ਨੀਤੀ ਵੀ ਬਣਾਈ ਹੈ। ਇਸ ਦੇ ਤਹਿਤ ਉਦਯੋਗਿਕ ਸੰਪਦਾਵਾਂ ਵਿਚ ਡੋਰਮੇਟਰੀ ਅਤੇ ਏਕਲ ਰੂਮ ਵਰਗੇ ਰਿਹਾਇਸ਼ੀ ਪਰਿਸਰਾਂ ਦਾ ਨਿਰਮਾਣ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਸੋਨੀਪਤ ਵਿਚ ਵੀ ਕਿਰਾਏ ’ਤੇ ਮਕਾਨ ਦੇਣ ਲਈ 1600 ਫਲੈਟ ਦਾ ਨਿਰਮਾਣ ਕੀਤਾ ਜਾਵੇਗਾ।

ਉਨ੍ਹਾਂ ਨੇ ਸਾਰੇ ਅਧਿਕਾਰੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਇੱਕ ਮੁਹਿੰਮ ਚਲਾ ਕੇ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਯੋਜਨਾ ਤਹਿਤ ਉਨ੍ਹਾਂ ਦਾ ਰਜਿਸਟ੍ਰੇਸ਼ਣ ਕਰਵਾਉਣਾ ਯਕੀਨੀ ਕਰਵਾਉਣ ਤਾਂ ਜੋ ਯੋਗ ਪਰਿਵਾਰ ਨੂੰ ਜਲਦੀ ਤੋਂ ਜਲਦੀ ਆਪਣਾ ਮਕਾਨ ਮਿਲ ਸਕੇ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਵਿਜਨ ਤਹਿਤ ਹਰ ਘਰ ’ਤੇ ਛੱਤ ਦੇਣ ਲਈ ਸੂਬਾ ਸਰਕਾਰ ਪ੍ਰਤੀਬੱਧ ਹੈ। ਮੁੱਖ ਮੰਤਰੀ ਨੇ ਆਸ ਵਿਅਕਤ ਕਰਦੇ ਹੋਏ ਕਿਹਾ ਕਿ ਭਵਿੱਖ ਵਿਚ ਵੀ ਹੋਰ ਬਿਹਤਰ ਕੰਮ ਕਰਦੇ ਹੋਏ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਹਰ ਜਨ ਨੂੰ ਘਰ ਦੇ ਸਪਨੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿਚ ਸਕਾਰਾਤਮਕ ਕੰਮ ਕੀਤੇ ਜਾਣਗੇ।

ਇਸ ਮੌਕੇ ’ਤੇ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਅਰੁਣ ਕੁਮਾਰ ਗੁਪਤਾ, ਹਾਊਸਿੰਗ ਫਾਰ ਆਲ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਮੋਹਮਦ ਸ਼ਾਇਨ, ਵਿਕਾਸ ਅਤੇ ਪੰਚਾਇਤ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਆਮਿਤ ਕੁਮਾਰ ਅਗਰਵਾਲ, ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਕੇ. ਮਕਰੰਦ ਪਾਂਡੂਰੰਗ, ਹਾਊਸਿੰਗ ਫਾਰ ਆਲ ਵਿਭਾਗ ਦੇ ਡਾਇਰੈਕਟ ਜਨਰਲ ਜੇ. ਗਣੇਸ਼ਨ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

ਵਿਧਾਇਕ ਆਦਰਸ਼ ਗ੍ਰਾਮ ਯੋਜਨਾ ਤਹਿਤ 25 ਵਿਧਾਇਕਾਂ ਨੂੰ 1-1 ਕਰੋੜ ਰੁਪਏ ਦੀ ਰਕਮ ਕੀਤੀ ਜਾਰੀ : ਮੁੱਖ ਮੰਤਰੀ

ਚੰਡੀਗੜ੍ਹ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਸੱਭਕਾ ਸਾਥ-ਸੱਭਕਾ ਵਿਕਾਸ-ਸੱਭਕਾ ਵਿਸ਼ਵਾਸ-ਸੱਭਕਾ ਪ੍ਰਯਾਸ ਦੇ ਮੂਲਮੰਤਰ ’ਤੇ ਚੱਲਦੇ ਹੋਏ ਵਿਧਾਇਕ ਆਦਰਸ਼ ਗ੍ਰਾਮ ਯੋਜਨਾ ਤਹਿਤ ਹਰਿਆਣਾ ਵਿਚ 25 ਵਿਧਾਨਸਭਾ ਖੇਤਰਾਂ ਦੇ ਵਿਕਾਸ ਕੰਮਾਂ ਲਈ ਵਿਧਾਇਕਾਂ ਨੂੰ 1-1 ਕਰੋੜ ਰੁਪਏ ਦੀ ਨਿਧੀ ਜਾਰੀ ਕੀਤੀ ਜਾ ਚੁੱਕੀ ਹੈ।

ਮੁੱਖ ਮੰਤਰੀ ਅੱਜ ਇੱਥੇ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਸਦਨ ਵਿਚ ਬੋਲ ਰਹੇ ਸਨ। ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਵਿਧਾਇਕ ਆਦਰਸ਼ ਗ੍ਰਾਮ ਯੋਜਨਾ ਤਹਿਤ ਬਾਕੀ ਬਚੇ ਹੋਏ ਵਿਧਾਇਕ ਵੀ ਆਪਣੇ-ਆਪਣੇ ਵਿਧਾਨਸਭਾ ਖੇਤਰ ਦੇ ਵਿਕਾਸ ਕੰਮਾਂ ਦੀ ਸੂਚੀ ਭਿਜਵਾਉਣ ਤਾਂ ਜੋ ਉਨ੍ਹਾਂ ਨੂੰ ਵੀ ਇਹ ਰਕਮ ਜਲਦੀ ਤੋਂ ਜਲਦੀ ਜਾਰੀ ਕੀਤੀ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਰਾਜ ਬਜਟ 2025-26 ਵਿਚ ਵੀ ਸਾਰੇ ਵਿਧਾਇਕਾਂ ਨੂੰ ਉਨ੍ਹਾਂ ਦੇ ਵਿਧਾਨਸਭਾ ਖੇਤਰਾਂ ਵਿਚ ਵਿਕਾਸ ਕੰਮ ਕਰਵਾਉਣ ਲਈ 5-5 ਕਰੋੜ ਰੁਪਏ ਦੀ ਰਕਮ ਦੇਣ ਦਾ ਐਲਾਨ ਕੀਤਾ ਗਿਆ ਹੈ। ਇਹ ਰਕਮ 3 ਕਿਸ਼ਸ਼ਾਂ ਵਿਚ ਦਿੱਤੀ ਜਾਵੇਗੀ।

ਸਿਹਤ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ ਨੇ ਵਿਧਾਨ ਸਭਾ ਵਿਚ ਚੁੱਕੇ ਮੁੱਦਿਆਂ ’ਤੇ ਲਿਆ ਤੁਰੰਤ ਐਕਸ਼ਨ

ਚੰਡੀਗੜ੍ਹ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਇੱਕ ਅਨੋਖਾ ਉਦਾਹਰਣ ਪੇਸ਼ ਕਰਦੇ ਹੋਏ ਵਿਧਾਨਸਭਾ ਦੇ ਬਜਟ ਸੈਸ਼ਨ ਦੇ ਵਿਚ ਸਪੈਸ਼ਲ ਹਾਈ ਪਾਵਰਡ ਪਰਚੇਜ ਕਮੇਟੀ ਦੀ ਮੀਟਿੰਗ ਬੁਲਾਈ ਹੈ। ਇਸ ਮੀਟਿੰਗ ਵਿਚ ਉਨ੍ਹਾਂ ਸਾਰੀ ਦਵਾਈਆਂ, ਮੈਡੀਕਲ ਖਪਤਕਾਰੀ ਵਸਤੂਆਂ, ਜਾਂਚ ਲੈਬ ਦਾ ਰਜਿਸਟ੍ਰੇਸ਼ਣ ਕਰਨ ਅਤੇ ਮੈਡੀਕਲ ਸਮੱਗਰੀਆਂ ਦੀ ਖਰੀਦ ਲਈ ਰੇਟ ਫਾਈਨਲ ਕੀਤੇ ਜਾਣਗੇ ਜਿਨ੍ਹਾਂ ਦੇ ਬਾਰੇ ਵਿਚ ਕਈ ਵਿਧਾਇਕਾਂ ਨੇ ਸਦਨ ਦੀ ਕਾਰਵਾਈ ਦੌਰਾਨ ਮੁੱਦਾ ਚੁੱਕਿਆ ਸੀ।

ਸਦਨ ਦੇ ਸੁਆਲਸਮੇਂ ਦੌਰਾਨ ਕਈ ਮੈਂਬਰਾਂ ਨੈ ਆਪਣੇ-ਆਪਣੇ ਖੇਤਰ ਦੇ ਸਰਕਾਰੀ ਹਸਪਤਾਲਾਂ ਵਿਚ ਰੋਗਾਂ ਦੀ ਮੈਡੀਕਲ ਲਈ ਮਸ਼ੀਨਾਂ , ਮਸੱਗਰੀਆਂ ਅਤੇ ਲੈਬਾਂ ਵਿਚ ਜਾਂਚ ਦੀ ਸਹੂਲਤ ਦਾ ਮੁੱਦਾ ਚੁੱਕਿਆ ਸੀ। ਸਿਹਤ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਵਿਧਾਇਕਾਂ ਵੱਲੋਂ ਸਦਨ ਵਿਚ ਚੁੱਕੇ ਗਏ ਮੁੱਦਿਆਂ ਦਾ ਹੱਲ ਪ੍ਰਾਥਮਿਕਤਾ ਅਤੇ ਗੰਭੀਰਤਾ ਨਾਲ ਕੀਤਾ ਜਾਵੇਗਾ। ਸਿਹਤ ਮੰਤਰੀ ਨੇ ਅੱਜ ਹੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੁੱਲ 24 ਮਾਰਚ ਨੂੰ ਹੀ ਸਪੈਸ਼ਲ ਹਾਈ ਪਾਵਰਡ ਪਰਚੇਜ ਕਮੇਟੀ ਦੀ ਮੀਟਿੰਗ ਬੁਲਾਈ ਜਾਵੇ। ਅਧਿਕਾਰੀਆਂ ਨੈ ਤੁਰੰਤ ਨਿਰਦੇਸ਼ਾਂ ਦਾ ਪਾਲਣ ਕਰਦੇ ਹੋਏ ਮੀਟਿੰਗ ਦੀ ਤਿਆਰੀ ਕਰ ਲਈ ਅਤੇ ਹੁਣ ਇਸ ਮੀਟਿੰਗ ਵਿਚ ਦਵਾਈਆਂ, ਮੈਡੀਕਲ ਖਪਤਕਾਰ ਵਸਤੂਆਂ, ਜਾਂਚ ਲੈਬਾਂ ਦਾ ਪੈਨਲੀਕਰਣ ਕਰਨ ਅਤੇ ਮੈਡੀਕਲ ਸਮੱਗਰੀਆਂ ਦੀ ਖਰੀਦ ਲਈ ਰੇਟ ਫਾਈਨਲ ਕੀਤੇ ਜਾਣਗੇ।

ਖੇਤ ਖਲਿਆਨ ਯੋਜਨਾ ਤਹਿਤ ਖੇਤਾਂ ਦੇ ਤਿੰਨ ਤੇ ਚਾਰ ਕ੍ਰਮ ਦੇ ਰਸਤੇ ਹੋਣਗੇ ਪੱਕੇ

ਚੰਡੀਗੜ੍ਹ, 24 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ ਨੇ ਦਸਿਆ ਕਿ 31 ਜੁਲਾਈ, 2023 ਤੱਕ ਹਰਿਆਣਾ ਸੂਬੇ ਦੇ ਜਿਨ੍ਹਾਂ ਕਿਸਾਨਾਂ ਨੇ ਬਿਜਲੀ ਟਿਯੂਬਵੈਲ ਲਈ ਸਿਕਓਰਿਟੀ ਭਰ ਰੱਖੀ ਹੈ, ਸੂਬਾ ਸਰਕਾਰ ਉਨ੍ਹਾਂ ਨੂੰ 10 ਕਿਲੋਵਾਟ (ਬੀਐਚਪੀ) ਸੋਲਰ ਨਾਲ ਅਤੇ ਸਾਢੇ 12 ਕਿਲੋਵਾਟ (ਬੀਐਚਪੀ) ਉਰਜਾ ਦੇ ਕਨੈਕਸ਼ਨ ਦਵੇਗੀ।

ਵਿਕਾਸ ਅਤੇ ਪੰਚਾਇਤ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ ਅੱਜ ਹਰਿਆਣਾ ਵਿਧਾਨਸਭਾ ਵਿਚ ਬਜਟ ਸੈਸ਼ਨ ਦੌਰਾਨ ਵਿਧਾਇਕਾਂ ਦੇ ਸੁਆਲਾਂ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਨੇ ਦਸਿਆ ਕਿ ਹਰ ਜਰੂਰਤਮੰਦ ਨੂੰ ਸਿਰ ’ਤੇ ਛੱਤ ਮਹੁਇਆ ਕਰਵਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਸ੍ਰੀ ਨਾਇਬ

ਐੱਨ.ਆਰ.ਆਈ. ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਪੰਜਾਬ ਸਰਕਾਰ ਨੇ ਕਰਵਾਈ ਚੌਥੀ ਮਿਲਣੀ

ਏਜੰਸੀਆਂ

ਚੰਡੀਗੜ੍ਹ 24 ਮਾਰਚ। ਐੱਨ.ਆਰ.ਆਈ. ਮਾਮਲਿਆਂ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅੱਜ ਪੰਜਾਬ ਸਿਵਲ ਸਕੱਤਰੇਤ-1 ਵਿਖੇ ਐੱਨ.ਆਰ.ਆਈ. ਪੰਜਾਬੀਆਂ ਦੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਦੇ ਹੱਲ ਲਈ ਚੌਥੀ ਆਨਲਾਈਨ

ਐੱਨ.ਆਰ.ਆਈ ਮਿਲਣੀ ਕਰਵਾਈ ਗਈ ਅਤੇ ਇਸ ਮੌਕੇ ਉਨ੍ਹਾਂ ਨੇ ਆਨਲਾਈਨ ਵੀਡੀਓ-ਕਾਨਫਰੰਸਿੰਗ ਰਾਹੀਂ ਨਿੱਜੀ ਤੌਰ 'ਤੇ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਸੁਣੀਆਂ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ, ਅਸੀਂ ਐੱਨ.ਆਰ.ਆਈ. ਪੰਜਾਬੀਆਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਇਹ ਵਿਲੱਖਣ ਪਹਿਲਕਦਮੀ ਸ਼ੁਰੂ ਕੀਤੀ ਹੈ। ਪੰਜਾਬ ਹੀ ਦੇਸ਼ ਦਾ ਇਕਲੌਤਾ ਸੂਬਾ ਹੈ ਜਿਸਨੇ ਐੱਨ.ਆਰ.ਆਈਜ਼ ਦੀਆਂ ਸਮੱਸਿਆਵਾਂ ਦੇ ਹੱਲ ਲਈ ਐੱਨ.ਆਰ.ਆਈ ਮਿਲਣੀ ਵਰਗਾ ਪ੍ਰੋਗਰਾਮ ਸ਼ੁਰੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਚੌਥੀ ਮਾਸਿਕ ਆਨਲਾਈਨ ਐੱਨ.ਆਰ.ਆਈ. ਮਿਲਣੀ ਦੌਰਾਨ 123 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚੋਂ 98 ਸ਼ਿਕਾਇਤਾਂ ਈਮੇਲ ਰਾਹੀਂ ਅਤੇ ਬਾਕੀ 25 ਸ਼ਿਕਾਇਤਾਂ ਵਟਸਐਪ ਨੰਬਰ 'ਤੇ ਪ੍ਰਾਪਤ ਹੋਈਆਂ ਸਨ। ਉਨ੍ਹਾਂ ਅੱਗੇ ਦੱਸਿਆ ਕਿ ਪਿਛਲੀਆਂ ਤਿੰਨ ਆਨਲਾਈਨ ਐੱਨ.ਆਰ.ਆਈ. ਮਿਲਣੀਆਂ ਦੌਰਾਨ 393 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ 343 ਸ਼ਿਕਾਇਤਾਂ ਦਾ ਹੱਲ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਏ.ਡੀ.ਜੀ.ਪੀ. ਪੰਜਾਬ ਪੁਲਿਸ ਐੱਨ.ਆਰ.ਆਈ. ਵਿੰਗ ਪ੍ਰਵੀਨ ਕੇ. ਸਿਨਹਾ ਅਤੇ ਸਬੰਧਤ ਜ਼ਿਲ੍ਹਿਆਂ ਦੇ ਐੱਸ.ਐੱਸ.ਪੀਜ਼ ਨੂੰ ਐੱਨ.ਆਰ.ਆਈਜ਼ ਦੀਆਂ ਸ਼ਿਕਾਇਤਾਂ ਦਾ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਹੱਲ ਜਲਦ ਤੋਂ ਜਲਦ ਕੀਤਾ ਜਾਵੇਗਾ। ਧਾਲੀਵਾਲ ਨੇ ਪ੍ਰਵਾਸੀ ਪੰਜਾਬੀਆਂ ਨੂੰ ਭਰੋਸਾ ਦਿਵਾਇਆ ਕਿ ਮੈਂ ਤੁਹਾਡੀਆਂ ਸਮੱਸਿਆਵਾਂ ਅਤੇ ਚਿੰਤਾਵਾਂ ਨੂੰ ਹੱਲ ਕਰਨ ਲਈ ਹਮੇਸ਼ਾ ਤੁਹਾਡੇ ਨਾਲ ਹਾਂ ਅਤੇ ਤੁਹਾਡੀਆਂ ਸ਼ਿਕਾਇਤਾਂ ਦੇ ਹੱਲ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਐੱਨ.ਆਰ.ਆਈ. ਨੂੰ ਕਿਹਾ ਕਿ ਉਹ ਆਪਣੀ ਸਹੂਲਤ ਅਨੁਸਾਰ ਕਿਸੇ ਵੀ ਸਮੇਂ ਉਨ੍ਹਾਂ ਨੂੰ ਮਿਲ ਸਕਦੇ ਹਨ। ਚੌਥੀ ਮਾਸਿਕ ਆਨਲਾਈਨ ਐੱਨ.ਆਰ.ਆਈ. ਮਿਲਣੀ ਦੌਰਾਨ ਵਧੀਕ ਮੁੱਖ ਸਕੱਤਰ ਦਿਲੀਪ ਕੁਮਾਰ, ਏ.ਡੀ.ਜੀ.ਪੀ. ਪੰਜਾਬ ਪੁਲਿਸ ਐੱਨ.ਆਰ.ਆਈ. ਵਿੰਗ ਪ੍ਰਵੀਨ ਕੇ. ਸਿਨਹਾ ਅਤੇ ਐਨ.ਆਰ.ਆਈ. ਮਾਮਲੇ ਵਿਭਾਗ ਦੇ ਹੋਰ ਅਧਿਕਾਰੀ ਸ਼ਾਮਲ ਸਨ।

ਨਗਰ ਸੁਧਾਰ ਟਰੱਸਟ ਕਪੂਰਥਲਾ ਦੇ ਨਵੇਂ ਨਿਯੁਕਤ ਚੇਅਰਮੈਨ ਸੱਜਣ ਸਿੰਘ ਚੀਮਾ ਨੇ ਸੰਭਾਲਿਆ ਅਹੁਦਾ

ਸਰਦੂਲ ਸਿੰਘ

ਕਪੂਰਥਲਾ 24 ਮਾਰਚ। ਕਪੂਰਥਲਾ ਨਗਰ ਸੁਧਾਰ ਟਰੱਸਟ ਦੇ ਨਵੇਂ ਨਿਯੁਕਤ ਚੇਅਰਮੈਨ ਅਰਜਨ ਐਵਾਰਡੀ ਸ. ਸੱਜਣ ਸਿੰਘ ਚੀਮਾ ਨੇ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਦੀ ਹਾਜ਼ਰੀ ਵਿਚ ਬਤੌਰ ਚੇਅਰਮੈਨ ਅਹੁਦਾ ਸੰਭਾਲ ਲਿਆ। ਇਸ ਮੌਕੇ ਕੈਬਨਿਟ ਮੰਤਰੀ ਡਾ.ਰਵਜੋਤ ਸਿੰਘ ਨੇ ਸ. ਚੀਮਾ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸੂਬੇ ਦੇ ਸਰਬਪੱਖੀ ਵਿਕਾਸ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸ. ਚੀਮਾ ਪਾਰਟੀ ਦੇ ਵਫ਼ਾਦਾਰ ਸਿਪਾਹੀ ਹਨ, ਜਿਨ੍ਹਾਂ ਨੂੰ ਪਾਰਟੀ ਵੱਲੋਂ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ। ਉਨ੍ਹਾਂ ਆਸ ਜਤਾਈ ਕਿ ਸੱਜਣ ਸਿੰਘ ਚੀਮਾ ਪੂਰੀ ਤਨਦੇਹੀ ਨਾਲ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਵਜੋਂ ਸੇਵਾ ਨਿਭਾਉਣਗੇ । ਆਪਣੀ ਨਿਯੁਕਤੀ ਲਈ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਦਾ ਧੰਨਵਾਦ ਕਰਦਿਆਂ ਸ. ਚੀਮਾ ਨੇ ਕਿਹਾ ਕਿ ਸ਼ਹਿਰ ਵਿਚ ਲੋਕਾਂ ਨੂੰ ਵਾਜਬ ਦਰਾਂ 'ਤੇ ਰਿਹਾਇਸ਼ ਮੁਹੱਈਆ ਕਰਵਾਉਣ ਲਈ ਨਗਰ ਸੁਧਾਰ ਟਰੱਸਟ

ਵੱਲੋਂ ਵਿਆਪਕ ਯੋਜਨਾਬੰਦੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਲਦ ਹੀ ਸਾਰੇ ਸ਼ਹਿਰ ਦਾ ਵਿਸ਼ੇਸ਼ ਸਰਵੇ ਕਰਵਾ ਕੇ ਰਿਹਾਇਸ਼ੀ ਅਤੇ ਵਪਾਰਕ ਖੇਤਰਾਂ ਲਈ ਮੌਜੂਦ ਸੰਭਾਵਨਾਵਾਂ ਦੀ ਤਲਾਸ਼ ਕਰਕੇ ਉਨ੍ਹਾਂ ਥਾਵਾਂ ਨੂੰ ਵਿਕਸਤ ਕੀਤਾ ਜਾਵੇਗਾ ਤਾਂ ਜੋ ਸ਼ਹਿਰ ਦੇ ਸਰਬਪੱਖੀ ਵਿਕਾਸ ਨੂੰ ਹੁਲਾਰਾ ਦਿੱਤਾ ਜਾ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਨਗਰ ਸੁਧਾਰ ਟਰੱਸਟ ਵੱਲੋਂ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਸੇਵਾਵਾਂ ਹੋਰ ਪਾਰਦਰਸ਼ੀ ਅਤੇ ਸਰਲ ਤਰੀਕੇ ਨਾਲ ਮੁਹੱਈਆ ਕਰਵਾਉਣ ਲਈ ਹੈਲਪਲਾਇਨ ਨੰਬਰ ਵੀ ਜਾਰੀ ਕੀਤਾ ਜਾਵੇਗਾ, ਜਿਸ 'ਤੇ ਲੋਕ ਸਿੱਧਾ ਸੰਪਰਕ ਕਰ ਸਕਣਗੇ । ਦੱਸਣਯੋਗ ਹੈ ਕਿ ਚੀਮਾ ਬਾਸਕਿਟਬਾਲ ਦੇ ਅੰਤਰਰਾਸ਼ਟਰੀ ਖਿਡਾਰੀ ਰਹੇ ਅਤੇ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਖੇਡਾਂ ਦੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਅਰਜਨ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਹਰਮਿੰਦਰ ਸਿੰਘ ਬਖਸ਼ੀ ਵਾਈਸ ਚੇਅਰਮੈਨ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਲਿਮਟਡ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਪਰਸਨ ਲਲਿਤ ਸਕਲਾਨੀ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਵਰਿੰਦਰਪਾਲ ਸਿੰਘ ਬਾਜਵਾ, ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੌਜੀ ਦੇ ਮੈਂਬਰ ਕੰਵਰ ਇਕਬਾਲ ਸਿੰਘ ਆਦਿ ਸਮੇਤ ਆਮ ਆਦਮੀ ਪਾਰਟੀ ਦੇ ਆਗੂ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ ਹੈਰੋਇਨ ਤਸਕਰੀ ਦੇ ਰੈਕੇਟ ਦਾ ਪਰਦਾਫ਼ਾਸ਼

ਜਲੰਧਰ 24 ਮਾਰਚ। ਜਲੰਧਰ ਸ਼ਹਿਰ ਵਿੱਚ ਨਸ਼ੇ ਦੀ ਸਮੱਗਲਿੰਗ ਵਿਰੁੱਧ ਲੜਾਈ ਵਿੱਚ ਇਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਕਮਿਸ਼ਨਰੇਟ ਪੁਲਸ ਜਲੰਧਰ ਨੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਹੈਰੋਇਨ ਤਸਕਰੀ ਵਿੱਚ ਸ਼ਾਮਲ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਵੇਰਵੇ ਦਿੰਦੇ ਹੋਏ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਸੀ. ਆਈ. ਏ. ਸਟਾਫ਼ ਨੂੰ ਅਪਰਾਧਿਕ ਤੱਤਾਂ ਅਤੇ ਨਸ਼ੇ ਦੀ ਸਮੱਗਲਿੰਗ ਕਰਨ ਵਾਲਿਆਂ ਦੀ ਨਿਗਰਾਨੀ ਅਤੇ ਰੋਕ ਲਈ ਵਾਈ-ਪੁਆਇੰਟ ਭਗਤ ਸਿੰਘ ਕਾਲੋਨੀ, ਜਲੰਧਰ ਵਿਖੇ ਤਾਇਨਾਤ ਕੀਤਾ ਗਿਆ ਸੀ। ਰੋਜ਼ਾਨਾ ਦੀ ਜਾਂਚ ਅਤੇ ਦਸਤਾਵੇਜ਼ਾਂ ਦੀ ਤਸਦੀਕ ਲਈ ਪੁਲਸ ਟੀਮ ਨੇ ਤਿੰਨ ਵਿਅਕਤੀ ਰੋਹਿਤ ਅਰੋੜਾ (ਪੁੱਤਰ ਸ਼ੰਕਰ ਦਾਸ), ਰਾਕੇਸ਼ ਉਰਫ਼ ਕੇਸ਼ੀ (ਪੁੱਤਰ ਸ਼ਰਮਾ ਸ਼ਰਮਾ) ਅਤੇ ਸੰਦੀਪ ਉਰਫ਼ ਬਾਬਾ ਉਰਫ਼ ਲਾਲੂ (ਪੁੱਤਰ ਸ਼ਿੰਦਾ ਸਿੰਘ) ਸਾਰੇ ਵਾਸੀ ਅੰਮ੍ਰਿਤਸਰ, ਨੂੰ

ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ। ਉਨ੍ਹਾਂ ਦੀ ਤਲਾਸ਼ੀ ਲੈਣ 'ਤੇ ਪੁਲਸ ਨੇ 30 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਦੋਸ਼ੀ ਵਿਅਕਤੀਆਂ ਵਿਰੁੱਧ ਕਈ ਮਾਮਲੇ ਪੈਂਡਿੰਗ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਹੈਰੋਇਨ ਦੇ ਸਰੋਤ ਦਾ ਪਤਾ ਲਗਾਉਣ ਅਤੇ ਇਸ ਦੇ ਵੰਡ ਨੈੱਟਵਰਕ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ। ਉਨ੍ਹਾਂ ਨੇ ਦੁਹਰਾਇਆ ਕਿ ਜਲੰਧਰ ਪੁਲਸ ਸਮਾਜ ਵਿੱਚੋਂ ਨਸ਼ੇ ਦੇ ਖ਼ਤਰੇ ਨੂੰ ਖ਼ਤਮ ਕਰਨ ਲਈ ਆਪਣੇ ਯਤਨਾਂ ਨੂੰ ਤੇਜ਼ ਕਰ ਰਹੀ ਹੈ। ਧਨਪ੍ਰੀਤ ਕੌਰ ਨੇ ਕਿਹਾ ਕਿ ਅਸੀਂ ਸਮਾਜ ਨੂੰ ਇਸ ਬੁਰਾਈ ਤੋਂ ਮੁਕਤ ਕਰਨ ਦੇ ਆਪਣੇ ਮਿਸ਼ਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣ ਲਈ ਵਚਨਬੱਧ ਹਾਂ।

ਪ੍ਰਾਪਰਟੀ ਟੈਕਸ ਵਿਭਾਗ ਦਾ ਸਖ਼ਤ ਐਕਸ਼ਨ, ਛੁੱਟੀ ਵਾਲੇ ਦਿਨ ਡਿਫਾਲਟਰ ਅਦਾਰਿਆਂ ਨੂੰ ਕੀਤਾ ਸੀਲ

ਅੰਮ੍ਰਿਤਸਰ 24 ਮਾਰਚ। ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਨਿਰਦੇਸ਼ਾਂ 'ਤੇ ਪ੍ਰਾਪਰਟੀ ਟੈਕਸ ਵਿਭਾਗ ਦੀਆਂ ਟੀਮਾਂ ਨੇ ਛੁੱਟੀ ਵਾਲੇ ਦਿਨ ਡਿਫਾਲਟਰ ਅਦਾਰਿਆਂ ਨੂੰ ਸੀਲ ਕਰ ਕੇ ਰਿਕਵਰੀ ਕੀਤੀ। ਸੁਪਰਡੈਂਟ ਪ੍ਰਦੀਪ ਰਾਜਪੂਤ ਦੀ ਅਗਵਾਈ ਹੇਠ ਇੰਸਪੈਕਟਰ ਸਤਿੰਦਰ ਸਿੰਘ, ਸੁਖਦੇਵ ਸਿੰਘ, ਕਲਰਕ ਅਜੀਤ ਸਿੰਘ ਅਤੇ ਪੁਲਸ ਫੋਰਸ ਨੇ ਡਿਫਾਲਟਰ ਅਦਾਰਿਆਂ 'ਤੇ ਛਾਪੇਮਾਰੀ ਕੀਤੀ। ਟੀਮ ਨੇ ਪੂਰਬੀ ਜ਼ੋਨ ਦੇ ਅਜੀਤ ਨਗਰ ਅਤੇ ਮੋਹਨ ਨਗਰ 'ਚ ਇਕ ਰੈਸਟੋਰੈਂਟ ਅਤੇ ਇਕ ਸ਼ੋਅਰੂਮ ਸਮੇਤ ਦੋ ਸਟੋਰਾਂ ਨੂੰ ਸੀਲ ਕਰ ਦਿੱਤਾ। ਕੌਂਸਲਰ ਅੰਮ੍ਰਿਤਪਾਲ ਸਿੰਘ ਨੂੰ ਵਾਰਡ ਨੰਬਰ-34 'ਚ ਦੋ ਦੁਕਾਨਾਂ ਤੋਂ ਪ੍ਰਾਪਰਟੀ ਟੈਕਸ ਦੇ ਚੌਕ ਦਿਵਾਏ। ਵਿਭਾਗ ਨੇ 16.21 ਲੱਖ ਰੁਪਏ ਦਾ ਟੈਕਸ ਇਕੱਠਾ ਕੀਤਾ। ਮਾਰਚ ਮਹੀਨੇ 'ਚ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਵਿਭਾਗ ਦੀ ਟੀਮ ਦਿਨ-ਰਾਤ ਇਕ ਕਰ ਕੇ ਫੀਲਡ 'ਚ ਕੰਮ ਕਰ ਕੇ ਰਿਕਵਰੀ ਕਰ ਰਹੀ ਹੈ। ਵਿਭਾਗ ਇਸ ਸਮੇਂ ਵੱਡੇ ਮਗਰਮੱਛਾਂ 'ਤੇ ਨਜ਼ਰ ਰੱਖ ਰਿਹਾ ਹੈ ਅਤੇ ਸ਼ਹਿਰ ਦੇ ਹਰ ਵਪਾਰਕ ਅਦਾਰੇ ਦੇ ਦਰਵਾਜ਼ੇ 'ਤੇ ਦਸਤਕ ਦੇ ਰਿਹਾ ਹੈ। ਹਰ ਜ਼ੋਨਲ ਸੁਪਰਡੈਂਟ ਆਪਣੇ ਖੇਤਰ 'ਚ ਵਪਾਰਕ ਅਦਾਰਿਆਂ ਦੀਆਂ ਸੂਚੀਆਂ ਬਣਾ ਰਿਹਾ ਹੈ ਅਤੇ ਸਟਾਫ ਨੂੰ ਫੀਲਡ 'ਚ ਭੇਜ ਰਿਹਾ ਹੈ ਅਤੇ ਰਿਕਵਰੀ ਕਰਵਾ ਰਿਹਾ ਹੈ। ਇਸ ਨੂੰ ਲੈ ਕੇ ਸੁਪਰਡੈਂਟ ਰਾਜਪੂਤ ਨੇ ਕਿਹਾ ਕਿ ਲੋਕਾਂ ਨੂੰ ਆਪਣਾ ਬਣਦਾ ਟੈਕਸ ਜਮ?ਹਾ ਕਰਵਾਉਣਾ ਚਾਹੀਦਾ ਹੈ ਨਹੀਂ ਤਾਂ ਟੀਮਾਂ ਹਰ ਰੋਜ਼ ਫੀਲਡ 'ਚ ਨਿਕਲ ਰਹੀਆਂ ਹਨ ਅਤੇ ਜਿਸ ਦਿਨ ਟੀਮ ਕਿਸੇ ਵੀ ਡਿਫਾਲਟਰ ਦੇ ਦਰਵਾਜ਼ੇ 'ਤੇ ਦਸਤਕ ਦੇਵੇਗੀ, ਕਿਸੇ ਦੀ ਸਿਫਾਰਸ਼ ਨਹੀਂ ਸੁਣੀ ਜਾਵੇਗੀ।

ਪੰਜਾਬ 'ਚ ਹਾਈਵੇਅ ਜਾਮ ਨੂੰ ਲੈ ਕੇ ਹਰਪਾਲ ਚੀਮਾ ਦਾ ਵੱਡਾ ਬਿਆਨ

ਕਿਸ਼ਨ ਪਾਲ

ਚੰਡੀਗੜ੍ਹ 24 ਮਾਰਚ। ਪੰਜਾਬ 'ਚ ਕਿਸਾਨਾਂ ਵਲੋਂ ਹਾਈਵੇਅ ਜਾਮ ਕਰਨ ਨੂੰ ਲੈ ਕੇ ਕੈਬਨਿਟ ਮੰਤਰੀ ਹਰਪਾਲ ਚੀਮਾ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ ਕਾਫੀ ਲੰਬੇ ਸਮੇਂ ਤੋਂ ਸ਼ੰਭੂ ਅਤੇ ਖ਼ਨੌਰੀ ਬਾਰਡਰ ਕਿਸਾਨੀ ਮੰਗਾਂ ਕਾਰਨ ਬੰਦ ਪਏ ਹਨ। ਇਹ ਮੰਗਾਂ ਕੇਂਦਰ ਸਰਕਾਰ ਖ਼?ਲਾਫ਼ ਹਨ ਪਰ ਨੁਕਸਾਨ ਪੰਜਾਬ ਦਾ ਹੋ ਰਿਹਾ ਹੈ। ਪੰਜਾਬ ਆਰਥਿਕ ਤੌਰ 'ਤੇ ਪੱਛੜ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਹੜੇ 2 ਹਾਈਵੇਅ ਬੰਦ ਸਨ, ਉਹ ਦੋਵੇਂ ਪੰਜਾਬ ਦੇ ਲਾਈਫਲਾਈਨ ਸਨ। ਪੂਰੇ ਦੇਸ਼ ਨਾਲ ਵਪਾਰ ਇਨ੍ਹਾਂ ਦੋਹਾਂ ਰੂਟਾਂ (ਸ਼ੰਭੂ ਬਾਰਡਰ ਤੇ ਖ਼ਨੌਰੀ ਬਾਰਡਰ) ਰਾਹੀਂ ਹੁੰਦਾ ਸੀ ਪਰ ਇਹ ਇਕ ਸਾਲ ਤੋਂ ਬੰਦ ਪਏ ਹਨ, ਜਿਸ ਕਾਰਨ ਪੰਜਾਬ ਨੂੰ ਵੱਡਾ ਆਰਥਿਕ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਮੇਰੀ ਅੱਜ ਵੀ ਕਿਸਾਨ ਭਰਾਵਾਂ ਨੂੰ ਅਪੀਲ ਹੈ ਕਿ ਆਮ ਆਦਮੀ ਪਾਰਟੀ ਕਿਸਾਨਾਂ ਨਾਲ ਅੱਜ ਵੀ ਖੜ੍ਹੀ ਹੈ। ਤੁਸੀਂ ਕੇਂਦਰ ਸਰਕਾਰ ਖ਼?ਲਾਫ਼ ਜਿਹੜਾ ਮਰਜ਼ੀ ਧਰਨਾ ਦਿਓਗੇ, ਅਸੀਂ ਤੁਹਾਡੇ ਨਾਲ ਹਾਂ ਪਰ ਪੰਜਾਬ ਨੂੰ ਨੁਕਸਾਨ ਨਾ ਪਹੁੰਚਾਓ। ਉਨ੍ਹਾਂ ਨੇ ਕਿਸਾਨਾਂ ਨੂੰ ਪੰਜਾਬ ਦੇ ਹਾਈਵੇਅ ਨਾ ਰੋਕਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਨਾਲ ਪੰਜਾਬ

ਦਾ ਅਰਥਚਾਰਾ ਬੇਹੱਦ ਪ੍ਰਭਾਵਿਤ ਹੁੰਦਾ ਹੈ। ਉਨ੍ਹਾਂ ਕਿਹਾ ਕਿ 2003 ਤੋਂ ਲੈ ਕੇ ਹੁਣ ਤੱਕ ਜੀ. ਡੀ. ਪੀ. ਅੰਦਰ ਸਭ ਤੋਂ ਵੱਧ ਯੋਗਦਾਨ ਪੰਜਾਬ ਦਾ ਹੁੰਦਾ ਸੀ ਪਰ ਅੱਜ ਪੰਜਾਬ 19ਵੇਂ ਨੰਬਰ 'ਤੇ ਪਹੁੰਚ ਗਿਆ ਹੈ। ਇਸ ਦਾ ਕਾਰਨ ਹੈ ਕਿ ਵੱਡੇ-ਵੱਡੇ ਪ੍ਰਾਜੈਕਟ ਪਿੱਛੇ ਨੂੰ ਜਾ ਰਹੇ ਹਨ ਅਤੇ ਇੰਡਸਟਰੀ ਪੰਜਾਬ 'ਚ ਨਹੀਂ ਆ ਰਹੀ। ਸਾਡੀ ਸਰਕਾਰ ਦਾ ਟੀਚਾ ਪੰਜਾਬ ਅੰਦਰ ਵੱਧ ਤੋਂ ਵੱਧ ਇੰਡਸਟਰੀ ਲਿਆਉਣਾ ਹੈ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਪੰਜਾਬ 'ਚ ਨਸ਼ਿਆਂ ਖ਼?ਲਾਫ਼ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਬਾਰੇ ਬੋਲਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੂਰਾ ਪੰਜਾਬ ਨਸ਼ਿਆਂ ਖ਼?ਲਾਫ਼ ਵੱਡੀ ਲੜਾਈ ਲੜ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਇਕ ਵੱਡਾ ਪ੍ਰਣ ਲਿਆ ਹੈ ਕਿ ਪੰਜਾਬ 'ਚ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਕਰਨਾ ਹੈ। ਸਾਡੀ ਕਮੇਟੀ ਇਸ 'ਤੇ ਕੰਮ ਕਰ ਰਹੀ ਹੈ। ਬਹੁਤ ਸਾਰੇ ਨਸ਼ਾ ਤਸਕਰ ਫੜ੍ਹ ਕੇ ਜੇਲ੍ਹਾਂ 'ਚ ਭੇਜੇ ਗਏ ਅਤੇ ਵੱਡੀ ਗਿਣਤੀ 'ਚ ਨਸ਼ਾ ਤਸਕਰਾਂ ਦੇ ਘਰ ਢਹਿ-ਢੇਰੀ ਕੀਤੇ ਅਤੇ ਬਹੁਤ ਸਾਰੇ ਮੁਕਾਬਲਿਆਂ ਦੌਰਾਨ ਪੁਲਸ ਦੀਆਂ ਗੋਲੀਆਂ ਦਾ ਸ਼ਿਕਾਰ ਵੀ ਬਣੇ। ਹਰਪਾਲ ਚੀਮਾ ਨੇ ਕਿਹਾ ਕਿ ਸਿਰਫ ਨਸ਼ਾ ਤਸਕਰਾਂ ਨੂੰ ਫੜ੍ਹਨ ਨਾਲ ਹੀ ਨਸ਼ਾ ਖ਼ਤਮ ਨਹੀਂ ਹੋਵੇਗਾ, ਸਗੋਂ ਇਹ ਤਾਂ ਹੋਵੇਗਾ ਜੇਕ